Bilingual English & Punjabi ◆ Bi-Weekly

Punjabi Patrika
ਪੰਜਾਬੀ ਪੱਤ੍ਰਿਕਾ

FREE COPY
Feb 9 - Feb 22, 00
Vol. 4
No. 10

Punjabi Patrika

1481 Tracey Rd, Abbotsford, B.C. V2T 6G4 TOLL FREE: 1-877-844-1313
Tel: 852-2288 Fax:852-1878 Email: PUNJABIPATRIKA@TELUS.NET

SIMON PHARMACY

"Your Prescription and Healthcare Centre"

Pharmacist
Sukhi Ghag

We would be happy to assist you with any of your healthcare needs

See our Capsule Comments on Page 2

#101-32475 Simon Ave.
Abbotsford, B.C.
855-0009

Abbotsford Chamber of Commerce, President for Year 2000



Douglas MacAdams

See Article in Punjabi on Page 9 & 12

B.C.S.
Canadian Immigration Consultants

Do You Need Assistance with Canadian Immigration Issues?

Please See our Advertisement for more Details on Page 16

ADMIRAL Travel Services
Abbotsford, BC.

BEST FARES TO DELHI FROM $1325

Specializing in Package Tours, Cruises & Air Fares to all Destinations
Children 67% on Singapore, Malaysian and Asiana Airlines

TEL: (604) 556-2433
106-2692 Clearbrook Road
Abbotsford, B.C. V2T 2Y8

ਟਰਾਂਸਵਰਲਡ ਟਰੈਵਲ
Transworld Travel

SPECIAL FARES
INDIA, ENGLAND
USA & CANADA

For The Best Rates in Town Contact
102-2580 Cedar Park Pl, Abbotsford BC
Vancouver: (604) 607-6600
Abbotsford: 852-2204
Fax: (604) 853-2223

- Life Insurance
- Disability Income
- Dental & Extended Health
- RRSP's & RESP's*
- Mutual Funds*

(604) 854-6959

Gurbachan Aujla | Satinder Atwal | Ranjit Grewal | Bayant Dhindsa | Rock Hutsul BA CFP CLU CHFC | Jas Oberoi | Satpal Singh

CLARICA™

2692 Clearbrook Road, Suite 201, Abbotsford, BC

ਟੋਕ ਟਕਾਣੀ

ਸੂਬੇਦਾਰ ਅਜਾਇਬ ਸਿੰਘ ਢਿਲੋਂ ਪਿੰਡ ਮਹਿਰੋਂ (ਮੋਗਾ)

ਅੱਜ ਮੈਂ ਪਾਠਕਾਂ ਦੀ ਜਾਣ ਪਛਾਣ ਇੱਕ ਅਜਿਹੀ ਮੋਹਤਰਿਮਾ ਨਾਲ ਕਰਵਾਂਗਾ, ਜਿਹੜੀ ਨਿਰਾ ਹੀ ਮੱਕਾਰੀ ਦਾ ਮੁਜੱਸਮਾ ਹੈ। ਇਸ ਨੂੰ ਟੋਕ ਟਕਾਈ ਕਹਿੰਦੇ ਹਨ। ਟੋਕਾ ਟਾਕੀ ਵੀ ਚਲਦਾ ਹੈ। ਪਾਕਿਸਤਾਨ ਵਿੱਚ ਇਹ ਨੁਕਤਾ-ਚੀਨੀ ਦੇ ਨਾਂਅ ਨਾਲ ਜਾਣੀ ਜਾਂਦੀ ਐ। ਹਿੰਦੀ ਵਾਲੇ ਇਹਨੂੰ ਪਿਆਰ ਨਾਲ ਅਲੋਚਨਾ ਬੀਬੀ ਸੱਦਦੇ ਹਨ। ਇਹ ਬੰਦੇ ਦੇ ਨਾਲ ਈ ਜੰਮ ਪਈ ਸੀ। ਇਹਦਾ ਜਾਮਾ ਭਾਵੇਂ ਬੜ੍ਹੀ ਦਾ ਹੈ, ਪਰ ਕਿਸੇ ਮਰਦ ਦੀ ਮਾਂ ਦਾ ਕੀ ਧੌਂਸਾ ਜਾਇਆ ਐ ਬਈ ਇਹਦੇ ਨਾਲ ਦਸਤ ਪੰਜਾ ਲੈ ਸਕੇ ਅਤੇ ਇਹਦੇ ਵਾਂਗੂ ਜਿੰਦਗੀ ਦੇ ਕੋਮਲ ਅਤੇ ਸੁਖਵੇਂ ਰਿਸ਼ਤਿਆਂ ਨੂੰ ਵਲੂੰਧਰ ਸਕੇ। ਇਸ ਦਾ ਅੱਗਾ ਪਿੱਛਾ ਦੱਸੇ ਬਿਨਾਂ ਵੀ ਨਹੀਂ ਸਰਨਾ। ਇਸ ਦੇ ਬਦਨਾਮ ਪਰਿਵਾਰ ਦਾ ਸ਼ਜਰਾ ਨਸਬ ਅਥਵਾ ਕੁਰਸੀ ਨਾਮਾ ਕੁਝ ਏਂਦਾ ਹੈ। ਚੁਲ੍ਹੇ'ਚ ਪੈਣੀ ਕਲਜੋਗ ਈਰਖਾ ਇਹਦੀ ਮਾਂ ਐ-ਮਹਾਂ ਦੇ ਆਟੇ ਵਾਂਗੂ ਸਦਾ ਆਕੜਿਆ ਰਹਿਣ ਵਾਲਾ ਮਨਮੁਖ ਹਾਊਮੈ ਇਹਦਾ ਬਾਪੂ ਐ। ਗੁੱਸਾ ਇਹਦੇ ਘਰ ਵਾਲਾ ਦੱਸੀ ਦਾ ਐ। ਪ੍ਰਸ਼ੰਸਾ ਇਹਦੀ ਸੋਕਣ ਐ। ਚਾਪਲੂਸੀ ਇਹਦੀ ਸੋਕਣ ਦੀ ਬਤਾਲਨ ਜਿਹੀ ਸਹੇਲੀ ਐ। ਕਮੀਨਗੀ ਇਹਦੀ ਮੂੰਹ ਬੋਲੀ ਮਾਸੀ ਐ। ਸ਼ੇਖੀ ਇਹਦੀ ਛੋਟੀ ਭੈਣ ਐ।

ਹੁਣ ਮੈਂ ਇਸ ਦੀਆਂ ਜਮਾਂਦਰੂ ਖਸਲਤਾਂ ਦਾ ਚਿੱਠਾ ਫੋਲਨ ਦੀ ਇਜ਼ਾਜਤ ਚਾਹਾਂਗਾ। ਟੋਕ ਟਕਾਈ ਕਰਨਾ ਮਹਾਂ ਮੂਰਖਤਾ ਐ, ਪਰ ਇਹਦੀ ਪਹਿਲੀ ਖਸਲਤ ਇਹ ਹੈ ਕਿ ਇਹਨੇ ਇਸ ਅੱਟਲ ਸਚਾਈ ਨੂੰ ਛੇਤੀ ਛੇਤੀ ਨੰਗਾ ਈ ਨਹੀਂ ਹੋਣ ਦਿੱਤਾ। ਲੋਕਾਂ ਨੂੰ ਗਲਤ ਫਹਿਮੀ ਵਿੱਚ ਹੀ ਪਾਈ ਰੱਖਿਆ ਹੈ। ਦੂਜੀ ਗੱਲ, ਇਹ ਕਿਸੇ ਨਾਲ ਵਫਾ ਨਹੀਂ ਕਰਦੀ। ਕਿਸੇ ਜ਼ਹਰੀਲੇ ਜਾਨਵਰ ਦੇ ਤਾਂ ਕਿਸੇ ਇੱਕ ਅੰਗ ਵਿੱਚ ਈ ਜ਼ਹਿਰ ਹੁੰਦੀ ਹੈ-ਇਹ ਪੂਰੀ ਦੀ ਪੂਰੀ ਜ਼ਹਿਰ ਅਲੂਦ" ਐ। ਤੀਜੀ ਗੱਲ ਇਹਦੀਆਂ ਅੱਖਾਂ ਤੇ ਪੱਟੀ ਬੱਝੀ ਹੋਈ ਐ, ਜਿਵੇਂ ਸਾਉਣ ਦੇ ਅੰਨ੍ਹੇ ਨੂੰ ਹਰਾ ਈ ਹਰਾ ਨਜ਼ਰ ਆਉਂਦਾ " ਹੈ, ਇਹਨੂੰ ਕੇਵਲ ਆਪਣਾ ਆਪ ਈ ਨਜ਼ਰ ਆਉਂਦਾ ਐ। ਅਗਲੀ ਗੱਲ, ਗਲਤ ਤੋਂ ਗਲਤ ਆਦਮੀ ਵੀ, ਇੱਥੋਂ ਤਕ ਕਿ ਸੌ ਬੰਦਿਆਂ ਦਾ ਕਾਤਲ ਵੀ, ਇਹਨੂੰ ਕਬੂਲ ਨਾ ਕਰਕੇ, ਆਪਣੇ ਆਪ ਤੋਂ ਬਿਨਾਂ ਸਭ ਨੂੰ ਦੋਸ਼ੀ ਠਹਿਰਾਉਂਦਾ" ਫਿਰਦਾ ਐ। ਭਾਵ ਆਪਣੇ ਆਪ ਦੀ ਟੋਕ ਟਕਾਈ ਕੋਈ ਵੀਂ ਨਹੀਂ ਕਰਦਾ। ਹਲਾਕੂ, ਚੰਗੇਜ਼ ਖਾਂ ਅਤੇ ਹਰਨਾਖਸ਼ ਵੀ ਆਪਣੇ ਆਪ ਨੂੰ ਦੁੱਧ ਧੋਤੇ ਹੀ ਕਹਿੰਦੇ ਰਹੇ ਹਨ। ਇਹ ਐਡੀ ਡਾਹਡੀ ਹੈ ਕਿ ਸਭ ਨੂੰ ਇੱਕ ਡੰਡੇ ਨਾਲ ਹੱਕਦਾ" ਚਾਹੁੰਦੀ ਐ। ਹਰ ਇੱਕ ਨਾਲ ਪੰਗਾ ਪਾ ਲੈਂਦੀ ਹੈ। ਰੋਹਬ ਪਾਉਣਾ ਮੰਗਦੀ ਹੈ - ਇਸ ਦਾ ਰੁਹਬ ਬੇ-ਅਸਰ ਫੋਕਾ" ਜਿਹਾ ਹੀ ਹੁੰਦਾ ਐ। ਕਿਉਂ ਕਿ ਜੀਹਦੇ ਉਤੇ ਇਹ ਹੱਲਾ ਬੋਲਦੀ ਐ ਉਹ ਹਿਮਾਲਾ ਵਾਂਗੂ ਡਟ ਕੇ ਇਹਦਾ ਮੁਕਾਬਲਾ ਕਰਨ ਤੇ ਤੁਲ ਜਾਂਦਾ ਐ ਅਤੇ ਅਪਣੀ ਸਫਾਈ ਪੇਸ਼ ਕਰਕੇ ਇਹਦੀ ਬੋਲਤੀ ਬੰਦ ਕਰ ਦਿੰਦਾ ਐ। ਇਕ ਹੋਰ ਗੱਲ, ਇਹ ਲੱਜਾ ਤੋਂ ਕੋਰੀ ਅਤੇ ਮੱਕਾਰ ਹੈ ਕਿ ਇਹਦੇ ਆਪਣੇ ਦਰ ਮੁਹਰੇ ਭਾਵੇਂ ਗੰਦਗੀ ਦੇ ਢੇਰ ਲੱਗੇ ਰਹਿਣ, ਪਰ ਦੂਜੇ ਦੀ ਛੱਤ ਤੇ ਬਰਫ ਬਰਦਾਸ਼ਤ ਨਹੀਂ ਕਰ ਸਕਦੀ। ਜਾਂ ਇਉਂ ਕਹਿ ਲਵੋ ਆਪਣੀ ਪੀਹੜੀ ਹੇਠ ਸੋਟਾ ਨਹੀਂ ਫੇਰਦੀ। ਇਕ ਹੋਰ ਬੜੀ ਹੀ ਭੈਤੀ ਖਸਲਤ ਇਹ ਹੈ ਕਿ ਇਹ ਅਮੋੜ ਹੈ। ਦੁਨੀਆਂ ਦੇ ਮਹਾਨ ਚਿੰਤਕ ਇਹਨੂੰ ਸਦੀਆਂ ਤੋਂ ਆਪਣੀਆਂ ਲਿਖਤਾਂ ਅਤੇ ਵਿਚਾਰਾਂ ਰਾਹੀਂ ਕਰੜੀ ਚਿਤਾਵਨੀ ਦਿੰਦੇ ਆਏ ਹਨ ਕਿ ਇਹ ਆਪਣੇ ਆਪ ਨੂੰ ਸੁਧਾਰੇ ਅਤੇ ਆਪਣੀ ਅਤੀ ਘਟੀਆ ਭੂਮਿਕਾ ਨਿਭਾਉਣ ਤੋਂ ਬਾਜ਼ ਆਵੇ। ਮਿਸਾਲ ਵਜੋਂ ਬੈਂਜਮਨ ਫਰੈਕਲਨ ਨੇ ਆਪਣੀ ਸਫਲਤਾ ਦਾ ਰਾਜ਼ ਇਉਂ ਦੱਸਿਆ ਸੀ ਕਿ ਉਹ ਕਿਸੇ ਬਾਬਤ ਮਾੜਾ ਕੁਝ ਵੀ ਨਹੀਂ ਬੋਲਦਾ (ਟੋਕ ਟਿਕਾਈ ਦੇ ਬਿਲਕੁਲ ਉਲਟ) ਪਰ ਹਰ ਕਿਸੇ ਦੀ ਬਾਬਤ ਜੋ ਕੁਝ ਚੰਗਾ ਉਹ ਜਾਣਦਾ ਸੀ, ਉਸ ਦਾ ਉਹ ਖੂਬ ਚਢੌਰਾਂ ਪਿਟਦਾ ਰਹਿੰਦਾ ਸੀ। ਪ੍ਰਸਿੱਧ ਅਮਰੀਕਨ ਰਾਸ਼ਟਰਪਤੀ ਇਬਰਾਹੀਮ ਲਿੰਕਨ ਨੇ ਆਪਣਾ ਇੱਕ ਪਤੱਰ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕੀਤਾ ਸੀ, ਕਿ ਹਰ ਕੋਈ ਪ੍ਰਸ਼ੰਸਾ ਦਾ ਭੁੱਖਾ ਸੀ। ਟੋਕ ਟਿਕਾਈ ਪ੍ਰਸ਼ੰਸਾ ਦੇ ਵਿਪਰੀਤ ਸ਼ਬਦ ਐ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਕਈ ਬਾਰ ਪ੍ਰਸ਼ੰਸਾ ਅਤੇ ਚਾਪਲੂਸੀ ਦਾ ਭੁਲੇਖਾ ਪੈ ਜਾਂਦਾ ਹੈ। ਸੋ ਦੋਹਾਂ ਦਾ ਨਖੇੜਾ ਕਰ ਦੇਣਾ ਬਹੁਤ ਜ਼ਰੂਰੀ ਹੋ ਗਿਆ ਹੈ। ਇਕ ਸੱਚੀ ਸੂਚੀ, ਦੂਜੀ ਝੂਠੀ ਮੂਠੀ ਇੱਕ ਦਿਲ ਚੋਂ, ਦੂਜੀ ਦੰਦਾਂ ਚੋਂ ਉਠਦੀ ਐ। ਇਕ ਨਿਸ਼ਕਾਮ, ਦੂਜੀ ਖੁਦਗਰਜ਼। ਇਕ ਹਰ ਥਾਂ ਸਲਾਹੀ ਜਾਂਦੀ ਐ, ਦੂਜੀ ਨਿੰਦੀ ਜਾਂਦੀ ਐ। ਸੈਕਸੀਕੋ ਸ਼ਹਿਰ ਵਿੱਚ ਜਨਰਲ ਉਬਰੇਗਨ ਦੇ ਬੁੱਤ ਥੱਲੇ ਜਨਰਲ ਦੀ ਆਪਣੀ ਵਿਚਾਰਧਾਰਾ ਵਿੱਚੋਂ ਚਾਪਲੂਸੀ ਬਾਰੇ ਇਹ ਸਿਆਣੇ ਸ਼ਬਦ ਖੋਦੇ ਹੋਏ ਹਨ, ਕਿ ਉਹਨਾਂ ਵੈਰੀਆਂ ਤੋਂ ਨਾ ਡਰੋ, ਜੋ ਥੋਡੇ ਉਤੇ ਹਮਲਾ ਕਰਦੇ ਹਨ, ਬਲਕਿ ਉਹਨਾਂ ਮਿਤੱਰਾਂ ਤੋਂ ਡਰੋ ਜੋ ਥੋਡੀ ਚਾਪਲੂਸੀ ਕਰਦੇ ਹਨ। ਇਸ ਤੋਂ ਇਲਾਵਾ, ਵਿਲੀਅਮ ਜੇਮਜ਼ ਨੇ ਕਿਹਾ ਸੀ ਕਿ ਇਨਸਾਨ ਦੀ ਜਮਾਂਦਰੂ ਪ੍ਰਵਿਰਤੀ ਵਿੱਚ ਜੀਵਨ ਦਾ ਸਭ ਤੋਂ ਸਿਆਣਾ ਅਸੂਲ, ਪ੍ਰਸ਼ੰਸਾ ਕਰਵਾਉਣ ਦੀ ਨਾ ਰੋਕੀ ਜਾ ਸਕਣ ਵਾਲੀ (ਅਮੋੜ) ਚਾਹਤ ਸੀ। ਇਹੀ ਸਿੱਕ ਇਨਸਾਨ ਨੂੰ ਹੈਵਾਨ ਨਾਲੋਂ ਵੱਖ ਕਰਦੀ ਸੀ। ਇਸ ਤੋਂ ਬਿਨਾਂ ਸਭਿਅਤਾ ਵਜੂਦ ਵਿੱਚ ਈ ਨਹੀਂ ਆ ਸਕਦੀ ਸੀ। ਉਹੀ ਪ੍ਰਸ਼ੰਸਾ ਜਿਸ ਦੇ ਹਮਦਰਦ ਬੋਲ ਸਾਲਾਂ ਤਕ ਲੋਕਾਂ ਦੀਆਂ ਯਾਦਾਂ ਵਿੱਚ ਝਿਲਮਲਾਂਦੇ ਤਾਰਿਆਂ ਦੀ ਤਰ੍ਹਾਂ ਸੰਗੀਤ ਛੋੜਦੇ ਰਹਿਣਗੇ। ਇਸ ਸਭ ਕਾਸੇ ਦੇ ਬਾ-ਵਜੂਦ, ਟੋਕ ਟਿਕਾਈ ਦੇ ਕੰਨ ਤੇ ਜੂੰ ਨੀ ਸਰਕੀ। ਇਹ ਇਨਸਾਨੀਅਤ ਦੀ ਗੁਨਹਗਾਰ, ਇਨ੍ਹਾਂ ਸਾਰੇ ਅਮੂਲ ਜਜ਼ਬਿਆਂ ਦੇ ਖਿਲਾਫ ਆਪਣੀ ਤੂਤੀ ਬਜਾਈ ਜਾ ਰਹੀ ਹੈ। ਲਾਹਨਤ ਹੈ ਇਹਦੇ ਜੰਮਨ ਤੇ ਜਿਸ ਦੀ ਰੋਜ਼ ਮਿਟੀ ਪਲੀਤ ਹੁੰਦੀ ਐ। ਸ਼ਾਇਦ ਇਹ ਚੁਗਲਖੋਰ ਬੰਦੇ ਵਾਂਗੂੰ ਆਪਣੀ ਆਦਤ ਨਹੀਂ ਛੱਡ ਸਕਦੀ। ਐ ਵੀ ਲਗਦਾ ਐ, ਜਿਵੇਂ ਇਸ ਨੂੰ ਗਲਤ ਫਹਿਮੀ ਹੋਵੇ। ਇਹ ਸਮਝਦੀ ਹੋਵੇ, ਕਿ ਲੋਕ, ਬਾ-ਦਲੀਲ ਟੋਕ ਟਿਕਾਈ ਕਰਕੇ, ਕਾਇਲ ਕੀਤੇ ਜਾ ਸਕਦੇ ਸਨ, ਪਰ ਜਿਨ੍ਹਾਂ ਲੋਕਾਂ ਨਾਲ ਇਹਦਾ ਵਾਹ ਪੈਂਦਾ ਸੀ, ਉਹ ਲੋਕ ਬਾ-ਦਲੀਲ ਹੋਣ ਦੀ ਬਜਾਏ ਜਜ਼ਬਾਤੀ ਤੇ ਭੁਅੱਸਬੀ ਹਨ ਜਿਨ੍ਹਾਂ ਵਿੱਚ

Cont'd at Page 10

GOVERNMENT CERTIFIED SERVICE
APPLIANCE REPAIR
AAC ABBOTSFORD APPLIANCE CENTER
ਗਵਰਮੈਂਟ ਸਰਟੀਫਾਈਡ ਸਰਵਿਸ
ਫਰਿਜ਼, ਸਟੋਵ, ਵਾਸ਼ਰ, ਡਰਾਇਰ ਦੀ ਮੁਰੰਮਤ
SAME DAY SERVICE
ਸੇਮ ਡੇ ਸਰਵਿਸ
857-0785
IN HOME SERVICE
FOR ALL MAKES OF
RANGES WASHERS • DRYERS
REFRIGERATORS • DISHWASHERS
• HOT WATER TANK INSTALLATIONS
• DISHWATER INSTALLATIONS
• MICROWAVE REPAIRS IN SHOP
One Call Does it All!!
ਫੋਨ ਦੇ ਇਕੋ ਸੁਨੇਹੇ ਨਾਲ ਸਭ ਕੁੱਝ ਹੋ ਜਾਂਦਾ ਹੈ
ਸਭ ਪ੍ਰਕਾਰ ਦੇ ਔਜ਼ਾਰਾਂ ਦੀ ਘਰ ਜਾ ਕੇ ਮੁਰੰਮਤ ਕਰਦੇ ਹਾਂ
SALES SERVICE PARTS
•ਵਾਸ਼ਰਜ, ਡਰਾਇਰਜ਼
•ਫਰਿਜ਼ਾਂ ਅਤੇ ਡਿਸ਼ਵਾਸ਼ਰਜ਼
•ਗਰਮ ਪਾਣੀ ਦੇ ਟੈਂਕ ਫਿਟ ਕਰਨੇ
•ਡਿਸ਼ਵਾਸ਼ਰ ਫਿਟ ਕਰਨੀਆਂ
•ਮਾਈਕਰੋਵੇਵ ਦੀ ਮੁਰੰਮਤ (ਦੁਕਾਨ ਵਿੱਚ) ON PARTS
ਕੈਨੀਂਗ ਕਰਨ ਵਾਸਤੇ ਭਾਰੇ ਤਵੇ ਖਰੀਦਣ ਲਈ ਮਿਲੋ ਜਾਂ ਫੋਨ ਕਰੋ
We do Car Air Conditioning Repairs.
ਅਸੀਂ ਏਅਰ-ਕੰਡੀਸ਼ਨ ਦੀ ਸਾਰੀ ਮੁਰੰਮਤ ਕਰਦੇ ਹਾਂ

A. T. AUTO REPAIR

Sat Sharma
• TUNE UP
• BRAKES • EXHAUST
• FRONT END WORK
• ENGINE REPAIRS
• CLUTCHES
• WATER PUMPS
• TRANY SERVICE
• U-JOINTS
• ENGINE REPAIRS
• FRONT AXLE SHAFTS etc. etc.
FOR ALL YOUR AUTOMOTIVE NEEDS ONE STOP REPAIR SHOP
ਆਪ ਦੀ ਕਾਰ ਜਾਂ ਪਿਕਅੱਪ ਦੀ ਹਰੇਕ ਤਰ੍ਹਾਂ ਦੀ ਮਕੈਨੀਕਲ ਸਮੱਸਿਆ ਦਾ ਹੱਲ ਤਸੱਲੀਬਖਸ਼ ਕੰਮ ਰਾਹੀਂ ਕੀਤਾ ਜਾਂਦਾ ਹੈ!
(604) 852-6276
ਏ.ਟੀ. ਆਟੋ ਰਿਪੇਅਰ
#507-30950 Wheel Ave., Abbotsford, B.C.

ABBOTSFORD
TUNE-UP CENTRE
859-6005
AirCare Repair Centre
Authorized Dealer
ਆਇਲ ਚੇਂਜ ਸਿਰਫ $19.99 +ਟੈਕਸ

ਕਰਮਜੀਤ
ਏਅਰ ਕੰਡੀਅਰ ਸਰਟੀਫਾਇਡ ਤਕਨੀਸ਼ਨ/ਓਨਰ
♦ਬਰੇਕਾਂ
♦ਐਗਜ਼ਾਸਟ
♦ਟਿਊਨ-ਅੱਪ
♦ਇੰਜਨ ਵਰਕ
♦ਟਰਾਂਸਮਿਸ਼ਨ
♦ਇਲੈਕਟਰੀਕਲਜ਼
♦ਏਅਰ ਕੰਡੀਅਰ ਰਿਪੇਅਰ
♦ਕੰਪਿਊਟਰ ਰਾਂਹੀ ਚੈਕਅੱਪ
ਰਿਪੇਅਰ ਪੂਰੀ ਤਸੱਲੀਬਖਸ਼ ਕੀਤੀ ਜਾਂਦੀ ਹੈ।
ਕੀਤੇ ਕੰਮ ਦੀ ਪੂਰੀ ਪੂਰੀ ਗਰੰਟੀ ਕੀਤੀ ਜਾਂਦੀ ਹੈ।
ਸੋਮਵਾਰ ਤੋਂ ਸ਼ਨੀਵਾਰ ਤੱਕ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁਲ੍ਹੇ ਰਹਿੰਦੇ ਹਾਂ।
ਐਬਟਸਫੋਰਡ ਟਿਊਨ-ਅੱਪ ਸੈਂਟਰ
Unit# 4 - 3275 McCallum Road Abbotsford, B.C. V2S 3M7
(Across from Air Care)

Abbotsford International Airshow Lands 2000 Dates

Abbotsford, B.C. Canada's largest Airshow, the Abbotsford International, has announced this year's event will be held August 11, 12, and 13, 2000, at the Abbotsford Airport. "We have lined-up a core of exciting aviation entertainers for this year's show," reports Gene Creelman, President of the Abbotsford International Airshow Society.

The summer's performers include the Snowbirds, celebrating their 30th anniversary as Canada's 431 Air Demonstration Squadron. Gene Soucy and wingwalker Teresa Stokes, who are sure to thrill crowds with their upside down flying aerobatics are confirmed for the show. A new act to the airshow this year is the Bulldog (Jim LeRoy), voted by U.S. airshow fans as their favorite performer. Also making an Abbotsford Airshow return is Julie Clark, flying a Mopar T-34 in dazzling act sure to impress everyone. A number of military acts, including F-14, F-16 and F-18 jet performance pilots, have expressed an interest in performing. The B1B bomber is also expected to return for its impressive and noisy flybys and hopes are high for a Harrier jump jet to come to the airshow. More peerformers will be confirmed in the coming weeks.

Advance tickets are now available at substantial discount until April 15th by calling the Abbotsforrd International Airshow office at (604) 852-8511.

For further information, please call:

Ron Price,
Managing Director
Abbotsford International Airshow
(604) 852-8511

Gene Creelman
President
Abbotsford International Airshow
(604) 852-9075 (bus)

ACCURATE AUTO BODY & PAINT LTD.
ਐਕੁਰੇਟ ਆਟੋ ਬਾਡੀ ਤੇ ਪੇਂਟ ਲਿਮਿ.

ਵਾਜਿਬ ਰੇਟ ਅਤੇ ਤਸੱਲੀਬਖਸ਼ ਕੰਮ ਲਈ ਫੋਨ ਕਰੋ:
ਪ੍ਰਿਥੀਪਾਲ ਸਿੰਘ ਖੰਗੂੜਾ
ਜਾਂ
ਭੁਪਿੰਦਰ ਸਿੰਘ ਢਿਲੋਂ

• ਪ੍ਰਾਈਵੇਟ ਅਤੇ I.C.B.C. ਕਲੇਮ
• ਫਰੀ ਪਿੰਨ ਸਟ੍ਰਾਈਪ ਤੇ ਗਰੈਵਲ ਗਾਰਡ
• ਫਰੀ ਪਿੱਕਅੱਪ ਤੇ ਡਲਿਵਰੀ ਸਰਵਿਸ
• ਉਤੱਮ ਕੁਆਲਿਟੀ ਬਾਡੀਵਰਕ ਤੇ ਪੇਂਟ
• ਕਾਰਾਂ ਦੇ ਸ਼ੀਸ਼ਿਆਂ ਦੀ ਅਦਲਾ ਬਦਲੀ

"We will beat any written estimate."
UNIT #5 - 31088 PEARDONVILLE ROAD, ABBOTSFORD, B.C.
PHONE: 850-5001

ਐਬਟਸਫੋਰਡ ਨਿਵਾਸੀਆਂ ਲਈ ਖੁਸ਼ਖਬਰੀ!
Dr. Robin Kaur Srikureja
ਡਾ. ਰੌਬਿਨ ਕੌਰ ਸ਼੍ਰੀਕੁਰੇਜਾ (Chiropractor)

♦ਗੋਡਿਆਂ ਦਾ ਦਰਦ ♦Pain in the knees
♦ਮੋਢਿਆਂ ਦਾ ਦਰਦ ♦Pain in the Shoulders
♦ਗਰਦਨ ਦਾ ਦਰਦ ♦Pain in the neck
♦ਪਿੱਠ ਦਾ ਦਰਦ ♦Backache
♦ਸਿਰ ਪਿੜ ♦Headache
ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦਾ ਰਸਤਾ ਹੀ ਹੈ। (ਹਸਪਤਾਲ ਦੇ ਨੇੜੇ)
ਅਸੀਂ ਪੰਜਾਬੀ ਬੋਲਦੇ ਹਾਂ
ਅਪਾਇੰਟਮੈਂਟ ਬਣਾਉਣ ਲਈ ਅੱਜ ਹੀ ਫੋਨ ਕਰੋ।
Ph. (604) 853-4441
Suite # 102-2306 McCallum Rd. Abbotsford, B.C. V2S3P4

GURDEEP VIDEO & DVD PLUS

All types of electric equipment, 220 volts household items for use in India, Gifts, flowers, souvenirs.
Come visit us before going to India.
ਇੰਡੀਆ ਲੈ ਕੇ ਜਾਣ ਲਈ ਹਰ ਤਰ੍ਹਾਂ ਦਾ 220 ਵੋਲਟ ਦਾ ਘਰ ਦਾ ਸਮਾਨ,
ਗਿਫਟ, ਤੇ ਹੋਰ ਬਹੁਤ ਕੁਝ ਲਈ ਸਾਡੇ ਪਾਸ ਜ਼ਰੂਰ ਆਉ।
ਸਪੈਸ਼ਲ ਕੀਮਤ ਤੇ ਡੀਵੀਡੀ ਰੈਂਟ ਕਰੋ
DVD rentals available on Special Price
Contact: Surinderjit Singh Dhillon
#103 - 2494 Clearbrook Rd. Abbotsford, B.C.
(604) 870-9575

PUNJABI PATRIKA
1481 Tracey Street
Abbotsford, B.C. • V2T 6G4
Telephone: 852-2288

Editorial

Canada is truly a melting pot of cultures from just about the whole world This comes out so clearly every year especially when the Chinese Community celebrates its new year. Every other person is aware of the fact that the Chinese New Year celebrations must have its lion dance throughout the streets of Chinatown.

Once this parade of the dragon which symbolizes tradition and its values is over the firecrackers begin with a whole bunch of drummers, Chinese gongs and cymbals to scare away evil spirits.

The promoters of the parade this year have welcomed other groups like the Portuguese Canadian Senior Federation, the Vietnamese and First Nations groups to join in the parade to stay true to our multicultural mosaic. They want to bridge the gap amongst the different cultures and feel positive that they can help by making this parade one that will bring everyone together.

There is no doubt that the Indo Canadian Business Community in Abbotsford has a friend in the form of the new Abbotsford Chamber of Commerce President, Mr. Douglas MacAdams.

As stated by Mr. MacAdams earlier in this paper, it is beneficial for the farming and small business community to become members of the Chamber to access the Group Insurance Program as well as many other benefits that could be offered to them from time to time. This paper would very strongly recommend that every business in town no matter how small should become a Chamber member.

The Punjabi Patrika was started about three and a half years ago with the intention of having our community to contribute towards it to make it a voice of the people. Keeping in touch with our original goal we are offering another segment of interest to Students and Lovers of English Grammar. Starting with our next issue we will have a column captioned "The Grammarian". Any issue or doubt regarding the usage of English language and grammar can be faxed to us at 604 – 852-1878 and our special editor of this section will try to clear your doubts or issue advise otherwise.

KALER CARPET & UPHOLSTERY CLEANING

- Expert Carpet & Upholstery
- Car & Van Cleaning
- Mattress Cleaning
- Stain & Spot Removal
- Furnace Duct Cleaning
- Monthly Contract
- Special Commercial Rate
- After Hour Cleaning
- Scotchgard Carpet Protection
- High Powered fast drying (Dry carpets within 2 hours)

- ਕਾਰਪੇਟ ਅਤੇ ਅਪਹੋਲਸਟਰੀ
- ਕਾਰ ਅਤੇ ਵੈਨ
- ਮੈਟਰਸ
- ਸਟੇਨ ਅਤੇ ਸਪੌਟ ਰਿਮੂਵਲ
- ਫਰਨਸ ਕਲੀਨਿੰਗ
- ਮਹੀਨੇ ਦਾ ਕੰਨਟ੍ਰੈਕਟ
- ਸਪੈਸ਼ਲ ਕਮਰਸ਼ਿਅਲ ਰੇਟ
- ਆਫਟਰ ਆਵਰ ਕਲਿਨਿੰਗ
- ਸਕਾਚਗਾਰਡ ਕਾਰਪੇਟ ਪ੍ਰੋਟੈਕਸ਼ਨ
- ਹਾਏ ਪਾਵਰ ਫਾਸਟ ਡ੍ਰਾਇੰਗ (ਸਿਰਫ 2 ਘੰਟੇ ਵਿੱਚ ਕਾਰਪੇਟ ਸੁਕ ਜਾਵੇ)

EXCELLENT SERVICE THROUGHOUT THE LOWER MAINLAND
GURDIP KALER 859-8123

TD BANK FINANCIAL GROUP

FREE Investment Seminars
Jan 25 Feb 10 Feb 24

Call Rob Deol or Serj Gosal
for Investments, Mortgages,
Personal & Small Business Loans.

870-2200

TD 32817 South Fraser Way @ Gladwin Road Abbotsford TD

JOE GILL & ASSOCIATES
CHARTERED ACCOUNTANTS

Providing A Full Range of Accounting Services

- Personal & Corporate Income Tax
- Accounting & Financial Statements
- Bookkeeping, Payroll & GST
- ਪਰਸਨਲ ਅਤੇ ਕਾਰਪੋਰੇਟ ਇਨਕਮ ਟੈਕਸ
- ਅਕਾਊਟੀਂਗ ਅਤੇ ਫਾਇਨੈਂਸ਼ਲ ਸਟੇਟਮੈਂਟ
- ਬੁੱਕਕੀਪਿੰਗ, ਪੇਅਰੋਲ ਤੇ ਜੀ.ਐਸ.ਟੀ

Joe Gill, B.B.A., C.A.
CHARTERED ACCOUNTANT

NOW OPEN
ਆਪਦੀ ਸੇਵਾ ਵਿੱਚ ਹੁਣ ਖੁੱਲ੍ਹ ਗਿਆ ਹੈ

Suite 203-2359 Clearbrook Road, Abbotsford, B.C., V2T 2X6

Tel: (604) 870-1141
Fax: (604) 870-1152

REGIONAL HERITAGE FAIR

Attention Abbotsford students in grades four to nine – here's your chance for a free trip!
Visit someone of your own age in another Canadian province, and learn about the many different ways of life in our country. The MSA Museum and the CRB Regional Heritage Fair Planning Committee are pleased to announce the introduction of the HICTORICA National Exchange Program to Abbotsford. Student exchanges will take place all across Canada during the CRB Regional Heritage Fair in may. Four students and one counsellor from the Lower Mainland will be changing places with a similar group in another part of Canada!

All public school, private school and homeschool students in Abbotsford, Mission, Chilliwack or Langley are invited to enter the Regional Heritage Fair, which will be held at Sevenoaks Shopping Centre on May 12 and 13, 2000. Only those students who commit to creating a Heritage Fair project and attending the Regional Fair will be eligible to apply for the exchange program. The four students selected for the exchange will travel with their projects to a Regional Fair site in another province. Travel expenses will be covered by HISTORICA and the Charles R. Bronfman Foundation.

The goal of the CRB Heritage Fair is to offer students the opportunity to explore many aspects of their Canadian heritage in a dynamic learning environment. Students can use the medium of their choice to share information about Canadian heroes, legends, milestones and achievements. Our Regional Fair in Abbotsford is a chance for students to present the results of their research to the public: the two-day event includes workshops, group activities and cultural performances for the 120 participants.

Students interested in the Regional Heritage Fair and the HISTORICA Exchange Program are encouraged to contact the MSA Museum for more information. The registration deadline is February 15,2000. Applications will be then be evaluated, and the four exchange participants will be selected by February 25,2000. Teachers may offer their classes this unique educational experience by registering in this year's Heritage Fair. Please call the Museum at 853-0313 for details.

ਪ੍ਰਾਈਵੇਟ ਟਿਊਸ਼ਨ/Private Tuition

A highly experienced M.A, MPhil, teacher available for tutoring in
(a) English grammar & literature, General English, ESL, TOEFL, TSE, TWE, TOEIC and ELA.
(b) Punjabi
(c) Hindi, and
(d) Mathematics

For more information call 855-4438

ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਮੈਥ 'ਚ ਟਿਊਸ਼ਨ ਲਈ ਸੰਪਰਕ ਕਰੋ।
855-4438

ਆਮ ਜਾਣਕਾਰੀ ਲਈ ਇਹ ਲਿਖਣਾ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਪੰਜਾਬੀ – ਪੱਤ੍ਰਿਕਾ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਪੰਜਾਬੀ ਪੱਤ੍ਰਿਕਾ ਦਾ ਉਹਨਾਂ ਪ੍ਰਤੀ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



Picture perfect . . . custom framing and design.

Bev's House of Frames Ltd.
CUSTOM PICTURE FRAMING & DESIGN
852-6248
#71-32500 South Fraser Way, Abbotsford, B.C. (next to Safeway)

ਕਸਟਮ ਪਿਕਚਰ ਫਰੇਮਾਂ ਤੇ 50% ਛੋਟ ਤਹਾਡੇ ਕਸਟਮ ਸਾਈਜ਼ਾਂ ਅਨੁਸਾਰ ਬਣਾਈਆਂ ਬਹੁਤ ਸਾਰੀਆਂ ਮੋਲਡਿੰਗਜ਼ ਵਿਚੋਂ ਚੋਣ ਕਰੋ।

ਜ਼ਰਾ ਮੁਕਾਬਲਾ ਕਰੋ ਦੂਜਿਆਂ ਨਾਲ:
• ਸਾਡੀ ਕੁਆਲਿਟੀ ਦਾ।
• ਸਾਡੀ ਸੇਵਾ ਦਾ।
• ਸਾਡੀ ਸਿਲੈਕਸ਼ਨ ਦਾ।
• ਸਾਡੀਆਂ ਕੀਮਤਾਂ ਦਾ।

Two law firms to serve you.
ਆਪ ਜੀ ਦੀ ਸੇਵਾ ਵਿਚ ਦੋ ਦਫਤਰ ਹਨ।



Douglas MacAdams

MACADAMS LAW FIRM "WE DO LAWSUITS"
- ICBC CLAIMS ਆਈ.ਸੀ.ਬੀ.ਸੀ ਕਲੇਮ
- DEBT COLLECTIONS ਕਰਜ਼ਾ ਵਸੂਲ ਕਰਨਾ
- BUSINESS DISPUTES ਕਾਰੋਬਾਰੀ ਮਸਲੇ
- EMPLOYMENT DISPUTES ਰੋਜ਼ਗਾਰੀ ਮਸਲੇ

WILLS BY RESOLUTION LAW CORPORATION
- WILLS ਵਸੀਅਤਨਾਮਾ
- POWERS OF ATTORNEY ਮੁਖਤਿਆਰਨਾਮਾ
- ADMINISTRATION OF ESTATES ਜਾਇਦਾਦ ਦੀ ਵਿਵਸਥਾ
- DISPUTES REGARDING ESTATES ਜਾਇਦਾਦ ਦੇ ਮਸਲੇ

TEL: (604) 850-1675
FAX: (604) 850-1937

TEL: (604) 855-WILL (9455)
FAX: (604) 870-9515

205 GLADWIN CENTRE II - 2975 GLADWIN ROAD - ABBOTSFORD, BC V2T 5T4

DOUGLAS MACADAMS adm@macadamslaw.com
JOHN DORICIC jmd@macadamslaw.com
BRUCE C. SCOTT bcs@macadamslaw.com

CORRECTION / ਸੋਧ

Members of Khalsa Diwan Society
New Westminister

Election for Executive Committee and
Audit Committee 2000/2001

February 13, 2000

8am to 8pm

Abbotsford Polling Station

(Mailed notice had 980 Salton Rd)

Correct Address Should be

1980 Salton Road, Abbotsford

ਖਾਲਸਾ ਦੀਵਾਨ ਸੋਸਾਇਟੀ
ਨਿਊ ਵੈਸਟ ਮਿੰਸਟਰ ਦੇ ਮੈਂਬਰਾਂ ਲਈ
ਐਗਜ਼ੈਕਟਿਵ (ਕਾਰਜਕਾਰਨੀ) ਕਮੇਟੀ ਅਤੇ ਆਡਿੱਟ ਕਮੇਟੀ 2000/2001ਚੋਣ

ਫਰਵਰੀ 13,2000

8 ਵਜੇ ਸਵੇਰ ਤੋਂ 8 ਵਜੇ ਸ਼ਾਮ ਤੱਕ

ਐਬਟਸਫੋਰਡ ਪੋਲਿੰਗ ਸਟੇਸ਼ਨ ਦਾ ਸਹੀ ਪਤਾ ਹੈ

1980 ਸਾਲਟਨ ਰੋਡ, ਐਬਟਸਫੋਰਡ

(ਡਾਕ ਰਾਹੀਂ ਭੇਜੇ ਗਏ ਨੋਟਿਸ ਵਿੱਚ 980 ਸਾਲਟਨ ਰੋਡ ਲਿਖਿਆ ਗਿਆ ਸੀ)

ਕੀ ਤੁਸੀਂ ਘਰ ਖਰੀਦ ਰਹੇ ਹੋ?

- **Scotiabank** ਤੁਹਾਡੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ।
- ਘੱਟ ਤੋਂ ਘੱਟ ਰੇਟਾਂ ਤੇ ਮਾਰਗੇਜ਼, 5.00% ਡਾਊਨ ਦੇ ਕੇ ਵੀ ਘਰ ਲੈ ਸਕਦੇ ਹੋ।
- Appraisal ਫਰੀ ਹੋਵੇਗਾ। ਐਪਲੀਕੇਸ਼ਨ ਦੀ ਕੋਈ ਫੀਸ ਨਹੀਂ।
- ਕੁਆਲੀਫਾਈ ਕਰਨ ਤੇ ਕਰੈਡਿਟ ਲਾਈਨ ਵੀ ਦਿਤੀ ਜਾਵੇਗੀ।
- Compliments of the House ਫਰੀ ਗਿਫਟ ਪਰੋਗਰਾਮ ਬਾਰੇ ਪੁਛੋ।
- Value Account ਖੋਲਣ ਤੇ ਆਪ ਜੀ ਨੂੰ ਚੈਕ ਬੁਕਾਂ ਫਰੀ ਮਿਲਣਗੀਆਂ, ਬਿਲ ਭੱਤੀਆਂ ਬਿਨਾਂ ਫੀਸ ਦੇ ਸਕੋਗੇ, ਟਰੈਵਲਰ ਚੈਕ, ਸਰਟੀਫਾਇਡ ਚੈਕ ਅਤੇ ਮਨੀ-ਆਰਡਰ ਬਨਵਾਉਣ ਦਾ ਵੀ ਕੋਈ ਖਰਚਾ ਨਹੀਂ ਲਗੇਗਾ।
- ਗੋਲਡ ਵੀਸਾ (Gold Visa) ਦੀ ਸਲਾਨਾ ਫੀਸ ਜੋ ਕਿ 95 ਡਾਲਰ ਹੈ, ਵੀ ਮਾਫ ਕੀਤੀ ਜਾਵੇਗੀ।
- ਸੇਫਟੀ ਡੀਪੋਜਿਟ ਬੋਕਸ (Safety Deposit Box) ਵੀ ਮਿਲ ਸਕਦਾ ਹੈ।
- ਕੀ ਤੁਸੀਂ ਨਵੇਂ ਇਮਿਗਰੇਂਟ ਹੋ? 'Welcome to Canada' ਪਰੋਗਰਾਮ ਬਾਰੇ ਪੁਛੋ।

ਅੱਜ ਹੀ ਫੋਨ ਕਰੋ
ਐਮ.ਪੀ. ਸਿੰਘ
ਸੈਲ: (604) 217 1717
ਫੈਕਸ: (604) 870-3570

Scotiabank
THE BANK OF NOVA SCOTIA

CAPSULE COMMENTS

When taking tablets or capsule medication, do you drink enough water with your doses? It's a good idea to swallow a bit of water *before* the dose then drink at least a cup of water *with* the doses. This will ensure the pills get to the stomach and not become lodged halfway down your esophagus.

During the cold winter months, it's a good time to remind people with heart problems not to overexert themselves in the cold weather. There is evidence that lower temperatures stimulate an element in the blood called platelets, which increases the thickness of the blood. Hire a teenager to do your shoveling.

If you are taking calcium and vitamin D supplements to stave off osteoporosis, new research has shown that 1200 mg. of calcium daily combined with 800 units of Vitamin D will enhance absorption. As we age, we don't absorb nutrients as well. In this case, the extra Vitamin D is very useful.

Good communication is important in all aspects of life but it is particularly important between cancer patients and their doctor. More positive outcomes result when there is a trust and two-way sharing of information between doctor and patient.

Just as it's important to build a good, communicative relationship with your doctor, it's important to do so with your pharmacist, too. We would like to get to know you. See you soon!

Stroke is the leading cause of adult disability in Canada. There are 50,000 new stroke cases each year and 16% of stroke victims require institutional care. The cost to our healthcare system in Canada is $4 billion annually.

February is Heart and Stroke Month and a good time to learn how to lower your risk of stroke: Learn the warning signs of stroke. Get your blood pressure checked regularly. Quit smoking. Reduce the fat content of your diet. Exercise more. Take your medications as prescribed and don't drink to excess.

Stroke warning signs: sudden weakness, numbness &/or tingling of face, arm or leg; temporary loss of speech or trouble understanding speech; sudden loss of vision particularly in one eye or double vision; sudden, severe and unusual headache; unsteadiness or sudden falls, especially with any of the above symptoms.

There are some risk factors you can't control. 1. Age: risk increases with age; 2. Race: Canadian's of African or South Asian descent may be more likely to have high blood pressure; 3. Risk increases if you have diabetes, atrial fibrillation or heart disease; 4. Family history: your risk is higher if a close relative had a stroke.

If you need more information about stroke and heart disease, call The Heart and Stroke Foundation at 1-888-HSF-INFO (1-888-473-4636) and give generously when a canvasser calls on you this month.

SIMON PHARMACY **855-0009**
#101-32475 Simon Ave. Abbotsford, B.C.



5% ਡਾਊਨ ਦੇਣ ਨਾਲ ਤੁਸੀਂ ਘਰ ਖ੍ਰੀਦ ਸਕਦੇ ਹੋ

PARM JUDGE
ਪਰਮ ਜੱਜ
855-7393

NEW LISTING
ਦੋ ਸਾਲ ਪੁਰਾਣਾ ਕੀਮਤ ਸਿਰਫ
$214,900
ਫੈਮਲੀ ਰੂਮ ਉਪਰ ਹੇਠਾਂ ਦੋ ਬੈਡ, ਲੀਗਲ ਸੂਇਟ ਤੇ ਰੈਕ ਰੂਮ, ਬਲੂਜੇਅ ਏਰੀਆ ਵਿੱਚ ਫੋਨ ਪਰਮ ਜੱਜ

NEED DOWN PAYMENT
$20,000 ONLY
LOW INTEREST RATE 5.95%
Save over $13,000 on CMHC & low interest rate - 4 bed room on main.

HOUSES

By Apollo Fitness Call Parm

31365 Homestead
ਨਵਾਂ ਘਰ - ਅੰਦਰ ਦੇਖੋ ਆਪ ਹੀ ਬੁਝ ਲਿਓ - ਕਿੰਨਾ ਸੋਹਣਾ ਹੈ - ਦੇਖਣ ਲਈ ਫੋਨ ਕਰੋ - ਪਰਮ ਜੱਜ

3 ਬੈਡਰੂਮ ਟਾਊਨ ਹਾਉਸ
ਕੀਮਤ ਸਿਰਫ $109,000
ਰੋਟਰੀ ਸਟੇਡੀਅਮ ਦੇ ਲਾਗੇ - ਹੋਰ ਜਾਣਕਾਰੀ ਲਈ ਫੋਨ ਕਰੋ - ਪਰਮ ਜੱਜ

NEAR ROTARY STADIUM
2 Storey with finished basement on Atwater Street Asking **$199,000**

ਵਿਕਾਊ ਹੈ -ਉਪਰ
Viewmount Drive
ਤਿੰਨ ਬੈਡ ਉਪਰ ਤੇ ਹੇਠਾਂ ਲੀਗਲ ਸੂਇਟ-ਬੇਸਮਿੰਟ 750 ਦੀ ਕਰਾਏ ਤੇ ਚੜ੍ਹੀ ਹੋਈ। ਫੋਨ ਪਰਮ ਜੱਜ

Vacant

Reduced to $147,900
ਗੁਰੂ ਘਰ ਦੇ ਲਾਗੇ holding property - 4 bedroom house - Two Road Frontage, updated carpet, just painted. ਜੀ ਹਾਂ, ਤੁਰਕੇ ਗੁਰੂ ਘਰ ਜਾ ਸਕਦੇ ਹੋ। ਵਧੀਆ ਡੀਲ ਲਈ ਫੋਨ ਕਰੋ। ਪਰਮ ਜੱਜ

31393 Homestead
9 ਫੁੱਟ ਹਾਈਸੀਲਿੰਗ ਵਧੀਆ ਕਾਰਪੈਟ ਤੇ ਕੁਆਲਟੀ ਵਾਲਾ ਘਰ ਜਦੋਂ ਆਕੇ ਦੇਖੋਗੇ ਆਪ ਹੀ ਸਮਝ ਜਾਵੋਗੇ ਕਿ ਵਾਕਿਆ ਹੀ ਵਧੀਆ ਹੈ - ਪਿਛਲੇ ਪਾਸੇ ਕੋਈ ਗਵਾਂਢ ਨਹੀਂ। ਪਾਰਕ, ਸਕੂਲਾਂ, ਫਿਟਨਸ ਸੈਂਟਰ ਤੇ ਬਸ ਸਟਾਪ ਦੇ ਬਿਲਕੁਲ ਲਾਗੇ। ਹੇਠਾਂ ਲੀਗਲ ਸੂਇਟ ਤੇ ਇਕ ਹੋਰ ਕਮਰਾ ਤੇ ਬਾਥਰੂਮ ਵੀ ਹੈ। ਵਧੀਆ ਡੀਲ ਲਈ ਅੱਜ ਹੀ ਫੋਨ ਕਰੋ -ਪਰਮ ਜੱਜ

32591 Bevan Ave
$178,900
New Listing! 6 Bedroom house - basement rented out $650 - renovated - clean - new carpet & lino - immediate possession available. To see call Parm Judge.

8 Bedroom House
8 Bedroom Home on 1/4 acre lot.
6 Full bath 2 gas f/p, 10 space car parking. May trade house in Surrey.

WET BAR & THEATRE ROOM
New Listing! - Ideal executive home with fantastic view from south - entertainment theatre & wetbar rooms - h/w heat - 5 full bath over 4400 sq.ft- loaded space for guests. Shake roof - quality thoroughout - must see inside to appreciate -cul-de-sac - Trade Welcome.



ਗੁਰਦਵਾਰਾ ਕਲਗੀਧਰ ਸਾਹਿਬ ਦੇ ਬਿਲਕੁਲ ਲਾਗੇ - ਸਤ ਬੈਡਰੂਮ ਵਾਲਾ ਘਰ ਜਾ Ready to Build ਲਾਟਾਂ ਲੈਣੀਆਂ ਹੋਣ - ਫੋਨ ਪਰਮ ਜੱਜ



6 ਸਾਲ ਨਵਾਂ ਘਰ
ਕੀਮਤ $214,900, ਫੈਮਲੀ ਰੂਮ ਉਪਰ, ਸਕੂਲ ਦੇ ਲਾਗੇ, ਬਹੁਤ ਹੀ ਸ਼ਾਂਤਪੂਰਨ - culde sac - assume mortgage at low interest - call Parm Judge

OSOYOOS ASKING
$105,000
4 Bedroom house in osoyoos, presently rented out $825 month, drive by 14 loon st.

2471 Hill Tout
2000 sq. ft house on 11545 sq.ft lot - Among highrise commercial property. Call Parm Judge

19 Acre
272 St. Possible to build 2 houses

ਗੋਲ ਖਿੜਕੀਆਂ (Window) ਵਾਲਾ ਨਵਾਂ ਘਰ - ਸਭ ਕੁਝ ਹੋ ਗਿਆ - ਸਿਰਫ ਸਟੇਕੇ ਕਰਨ ਵਾਲੀ ਰਹਿੰਦੀ ਹੈ - ਫੋਨ ਪਰਮ ਜੱਜ

CONVENIENCE STORE
Super Convenience store, established location over 20 years - High profit margin - Daily average sale over $1500. Family problem forcing to sell.

☆ **PIZZA FACTORY** ☆
☆☆ **BUSINESS** ☆☆
New Listing - Surrey - Gross Monthly $20,000 - Lease $1294 - Great Family Business. Call Parm Judge.

FARMS

10 ACRE
BLUEBERRY FARM
Matsqui - 5 Bedroom house -two road frontage. TRADE WELCOME

4 Acre Hobby Farm
Clear acres with 2 bedroom rancher home, city water, close to town. Asking $269,900 only Call direct - Parm Judge

5 Acre Raspberry farm & workshop

44 ACRE FARM
Productive level land, presently over 20 acre raspberry meekar.
Exclusively Call Parm Judge

21. 53 Blueberry Farm
2 houses, expecting gross income $200,000 sprinkle system, machinery & net included.
Call Parm Judge

9.83 ACRE
BLUEBERRY
$359,000
New Listing! Yarrow - 2 bedroom mobile house plus 10 picker's cabin, next to school and close by city & industrial area. Trade Welcome

120 ACRE FARM
Just Listed 120 ਏਕੜ ਫਾਰਮ - 36 ਏਕੜ ਰਸਬਰੀ - 30 ਏਕੜ ਸਟ੍ਰਾਬੇਰੀ, 15 ਏਕੜ ਬਲੂਬੇਰੀ ਤੇ ਹੋਰ ਲਗੀਆਂ ਸਬਜ਼ੀਆਂ panaromic view with 7 bedroom house.

19 Acre Blueberry Farm
7 year new, hot water heat, sprinkle system, **Trade Welcome**

ਸਟੋਰ ਤੇ 3 ਬੈਡਰੂਮ ਹਾਊਸ
ਕਨਵੀਨੀਅੰਟ ਸਟੋਰ ਤੇ 4 ਸਾਲ ਨਵਾਂ ਘਰ - ਸਤ ਸਾਲ ਤੋਂ ਇਸਟੈਬਲਿਸਟ - ਸਕੂਲ ਦੇ ਲਾਗੇ - ਚਿਲੈਵੈਕ ਕੀਮਤ $479,000 Trade Welcome

****ਲਾਟਾਂ ਵਿਕਾਊ****
1 ਮਿਸ਼ਨ ਵਿੱਚ ਲਾਟਾਂ ਵਿਕਾਊ, ਵਧੀਆ ਵਿਊ, ਘੱਟ ਕੀਮਤ, ਲਾਟਾਂ ਸ਼ੁਰੂ $79,900 ਤੋਂ
2 25 lots Delair subdivision starting at only $99,900.
Ph Parm Judge 855-7393

Call Parm Judge • LIGHTHOUSE REALTY • Toll Free 649-4871

God's Attributes as Enshrined in the Mool Mantar

- Prof Hardyal Singh Aulakh MA, MPhil

1 : ick oangkar
There is one and only one God

2 ਸਤਿਨਾਮੁ : sat naam
His name is eternally true

3 ਕਰਤਾ ਪੁਰਖੁ : karataa purakh
He is the Creator

4 ਨਿਰਭਉ : nirbhao
He is fearless

5 ਨਿਰਵੈਰੁ : nirvair
He has no enmity with anyone : He is friendly and amiable

6 ਅਕਾਲ ਮੂਰਤਿ : akaal moorat
He never dies. He is immortal. He is the embodiment of immortality

7 ਅਜੂਨੀ : ajooni
He is not subject to births or deaths

8 ਸੈਭੰ : saibhang
He is self-existent

9 ਗੁਰ ਪਰਸਾਦਿ : Gur parsaad
He can be realised by the grace of the Guru, the enlightener

ROBERTSON DOWNE & MULLALLY
LAWYERS

ਰਾਬਰਟਸਨ, ਡੋਨ ਅਤੇ ਮੁਲੈਲੀ ਵਲੋਂ ਪ੍ਰਸੰਨਤਾ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਦਸੰਬਰ 13, 1999 ਤੋਂ ਪਰਮਜੀਤ ਸਿੰਘ ਵਿਰਕ (ਪਰਮ) ਨੂੰ ਇਸ ਫਰਮ ਵਲੋਂ ਸਹਿਯੋਗੀ ਵਜੋਂ ਨਿਯੁਕਤ ਕੀਤਾ ਗਿਆ ਹੈ। ਪਰਮ ਨੇ ਯੂਨੀਵਰਸਿਟੀ ਕਾਲਜ ਕਾਰਡਿੱਫ, ਵੇਲਜ਼ ਤੋਂ 1986 ਵਿੱਚ ਵਕਾਲਤ ਪਾਸ ਕੀਤੀ। 1991 ਵਿੱਚ ਕੈਨੇਡਾ ਆਉਣ ਤੋਂ ਪਹਿਲਾਂ ਉਨਾਂ ਨੇ ਬਰਮਿੰਘਮ, ਇੰਗਲੈਂਡ ਵਿੱਖੇ ਕੁਝ ਚਿਰ ਵਕੀਲ ਦੇ ਤੌਰ ਤੇ ਕੰਮ ਕੀਤਾ। ਪਰਮ ਬੜੀ ਰਵਾਨੀ ਨਾਲ ਪੰਜਾਬੀ ਬੋਲ ਸਕਦੇ ਹਨ ਅਤੇ ਉਹ ਮੁੱਖ ਤੌਰ ਤੇ ਸਿਵਲ (ਦੀਵਾਨੀ) ਮੁੱਕਦਮੇ ਅਤੇ ਆਈ.ਸੀ.ਬੀ.ਸੀ ਦੇ ਮਸਲੇ ਡੀਲ ਕਰਨਗੇ। ਪਰ ਉਹ ਇਮੀਗ੍ਰੇਸ਼ਨ, ਵਸੀਅਤਨਾਮਾ, ਇੰਤਕਾਲਨਵੀਸੀ ਅਤੇ ਫੌਜਦਾਰੀ ਮਾਮਲਿਆਂ ਨੂੰ ਵੀ ਡੀਲ ਕਰਦੇ ਹਨ। ਪਰਮ ਆਪਣੇ ਤਜ਼ਰਬੇ ਸਦਕਾ ਫ੍ਰੇਜ਼ਰ ਵੈਲੀ ਦੇ ਸਾਰੇ ਲੋਕਾਂ ਦੀ ਕਾਨੂੰਨੀ ਸੇਵਾ ਦੀ ਜ਼ੁਮੇਵਾਰੀ ਨਿਭਾਉਣ ਲਈ ਪੂਰੀ ਤਰ੍ਹਾਂ ਲੈਸ ਹਨ। ਪਰਮ ਸੌਕਰ, ਕ੍ਰਿਕਟ ਅਤੇ ਬੈਡਮਿੰਟਨ ਵਿੱਚ ਡੂੰਘੀ ਦਿਲਚਸਪੀ ਰਖਦੇ



Parmjit Virk

ROBERTSON DOWNE & MULLALLY
33695 S.Fraser Way
Abbotsford,
B.C. V2S 2C1
Tel: (604) 853-0774 Fax: 852-3829
VANCOUVER TOLL FREE: 856-3627
CHILLIWACK: (604) 793-7075
MAPLE RIDGE: (604) 463-4386

FRASER VALLEY VOCATIONAL TRAINING CENTRE

Operating since 1993

- Computer Technician
- Computer Network Administrator
- Office Careers
- Residential Care Worker
- Business Administration 2000
- Pharmacy Assistant Technician
- Community Support Worker

- ਕੰਪਿਊਟਰ ਤਕਨੀਸ਼ੀਅਨ
- ਕੰਪਿਊਟਰ ਨੈਟ-ਵਰਕ ਪ੍ਰਬੰਧਕ
- ਦਫਤਰੀ ਅਤੇ ਕਮਿਊਨੀਕੇਸ਼ਨ ਸਕਿੱਲਜ਼
- ਰੈਜ਼ੀਡੈਨਸ਼ਿਲ ਕੇਅਰ ਵਰਕਰ
- ਬਿਜ਼ਨੈਸ ਅਡਮਿਨਿਸਟਰੇਇਸ਼ਨ 2000
- ਫਾਰਮੇਸੀ ਅਸਿਸਟੈਂਟ ਤਕਨੀਸ਼ੀਅਨ
- ਕਮਿਊਨਿਟੀ ਸਪੋਰਟ ਵਰਕਰ

Abbotsford
Ph: 504-5887
Fax: 504-5889

Chilliwack
Ph: 792-8895
Fax: 792-6692

Financial Assistance Aid if qualified • Practicum Placement • Job Placement Assistance • Senior Discounts • Individual Tutoring • Student Counseling

ਫਾਈਨੈਨਸ਼ਲ ਅਸਿਸਟੈਂਸ ਏਡ (ਜੇ ਕੁਆਲੀਫਾਈਡ ਹੋਵੇ) ਪ੍ਰੈਕਟੀਕਮ ਪਲੇਸਮੈਂਟ ਜੌਬ ਪਲੇਸਮੈਂਟ
ਸਹਾਇਤਾ ਸੀਨੀਅਰ ਡਿਸਕਾਉਂਟ ਨਿੱਜੀ ਟਿਊਟਰਿੰਗ ਸਟੂਡੈਂਟ ਕਾਉਂਸਲਿੰਗ

Located at the corner of Simon and Garden
100-32560 Simon Avenue, Abbotsford, BC V2T 4Y2

Located near the corner of Yale and Young
46229 Yale Rd. (2nd Floor), Chilliwack, BC

ਆਓ ਮਿਲੋ ਐਬਟਸਫੋਰਡ ਚੇਂਬਰ ਔਫ ਕਾਮਰਸ ਦੇ ਸਾਲ 2000 ਲਈ ਬਣੇ ਪ੍ਰਧਾਨ ਡਗਲਸ ਮਕੈਡਮ ਨੂੰ

ਡਗਲਸ ਮਕੈਡਮ ਅਤੇ ਉਨ੍ਹਾਂ ਦੀ ਧਰਮ ਪਤਨੀ ਆਨਰੇਬਲ ਜੱਜ ਵੈਂਡੀ ਯੰਗ 1989 ਤੋਂ ਐਬਟਸਫੋਰਡ ਵਿੱਚ ਰਹਿ ਰਹੇ ਹਨ। ਜੋ ਮੌਕੇ ਅਤੇ ਸੋਹਣਾ ਜੀਵਨ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ 8 ਤੇ 10 ਸਾਲ ਦੀਆਂ ਬੱਚੀਆਂ ਨੂੰ ਇਸ ਕਮਿਉਨਿਟੀ ਵਿੱਚ ਪ੍ਰਾਪਤ ਹੋਇਆ, ਉਹ ਇਸ ਲਈ ਸ਼ੁਕਰਗੁਜ਼ਾਰ ਹਨ। ਵਿਕਟੋਰੀਆ ਯੂਨੀਵਰਸਿਟੀ ਅਤੇ ਯੂ.ਬੀ.ਸੀ. ਦੀ ਲਾਅ ਫੈਕਲਟੀ ਦੇ ਗਰੈਜੂਏਟ, ਸ੍ਰੀ ਡਗਲਸ ਮਕੈਡੱਮ ਲਾਅ ਫਰਮ (ਜਿਸ ਦਾ ਮਾਟੋ ਹੈ-ਅਸੀਂ ਕਾਨੂੰਨੀ ਮੁਕੱਦਮੇ ਲੜਦੇ ਹਾਂ) ਅਤੇ ਰੈਜ਼ੂਲੇਸ਼ਨ ਲਾਅ ਕਾਰਪੋਰੇਸ਼ ਦੇ ਮੁੱਖੀ ਹਨ ਜੋ ਵਿਸ਼ੇਸ਼ ਤੌਰ ਤੇ ਵਸੀਅਤ ਨਾਮੇ, ਇਸਟੇਟ ਅਤੇ ਇਸਟੇਟ ਦੇ ਮੁਕੱਦਮੇ ਲੜਦੇ ਹਨ। ਉਹ ਹਰ ਪੱਧਰ ਦੀਆਂ ਅਦਾਲਤਾਂ ਦੇ ਵਕੀਲ ਰਹਿ ਚੁੱਕੇ ਹਨ ਅਤੇ ਚਾਰਟਰਡ ਸਾਲਸ ਹਨ। ਉਹ ਨੈਸ਼ਨਲ ਪੈਰੋਲ ਬੋਰਡ ਦੇ ਭੂਤ-ਪੂਰਵ ਪਾਰਟ ਟਾਇਮ ਮੈਂਬਰ ਹਨ ਅਤੇ 1998 ਵਿੱਚ ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਦੀ ਚੋਣ ਕਰਵਾਉਣ ਲਈ ਅਦਾਲਤ ਵਲੋਂ ਚੀਫ ਇਲੈਕਸ਼ਨ ਅਫਸਰ ਨਿਯੁਕਤ ਕੀਤੇ ਗਏ ਸਨ। ਇਸ ਕੰਮ ਬਾਰੇ ਡਗਲਸ ਦਾ ਕਹਿਣਾ ਹੈ - ਚੀਫ ਇਲੈਕਸ਼ਨ ਅਫਸਰ ਵਜੋਂ ਕੰਮ ਕਰਨਾ ਚਣੌਤੀ ਭਰਪੂਰ, ਦਿਲਚਸਪ ਅਤੇ ਅਨੰਦ-ਦਾਇਕ ਕੰਮ ਸੀ। ਇਸ ਮੌਕੇ ਸਿੱਖ ਭਾਈਚਾਰੇ ਦੇ ਸਾਰੇ ਵਰਗਾਂ ਦੇ ਮੈਂਬਰਾਂ ਨੂੰ ਮਿਲਣ ਅਤੇ ਸਿੱਖ ਧਰਮ ਬਾਰੇ ਜਾਨਣ ਦਾ ਆਨੰਦ ਮਾਣਿਆ। ਮੈਂ ਨੇੜਿਓ ਤਕਿਆ ਕਿ ਵਪਾਰਕ ਕੰਮਾਂ ਵਿੱਚ ਇਹ ਭਾਈਚਾਰਾ ਕਿੰਨਾ ਯੋਗ ਅਤੇ ਵੇਗਮਈ ਹੈ। ਚੈਂਬਰ ਔਫ ਕਾਮਰਸ ਦੇ ਪ੍ਰਧਾਨ ਵਜੋਂ ਮੈਂ ਇਹ ਜਾਣਕਾਰੀ ਆਪਣੇ ਨਵੇਂ ਪਦ ਲਈ ਨਾਲ ਲਿਆਇਆਂ। ਵੈਨਕੂਵਰ ਤੋਂ ਐਬਟਸਫੋਰਡ ਆਉਣ ਤੋਂ ਪਹਿਲਾਂ ਡੱਗ ਨੇ ਸਭਿਆਚਾਰਕ, ਸਿਆਸੀ, ਚਰਚ ਸੰਗਠਨਾਂ ਅਤੇ ਦੋ ਚੈਂਬਰ ਔਫ ਕਾਮਰਸ ਵਿਚ ਵਾਲੰਟੀਅਰ ਬੋਰਡ ਮੈਂਬਰ ਵਜੋਂ ਕੰਮ ਕੀਤਾ। ਐਬਟਸਫੋਰਡ ਆਉਣ ਤੇ ਉਨ੍ਹਾਂ ਨੇ ਕਮਿਉਨਿਟੀ ਸੇਵਾ ਦੀ ਆਪਣੀ ਭਾਵਨਾ ਨੂੰ ਚੈਂਬਰ ਔਫ ਕਾਮਰਸ ਵਲ ਫੋਕਸ ਕੀਤਾ ਅਤੇ ਇਸ ਦੀ ਬੋਰਡ ਵਿਚ ਬਤੌਰ ਡਾਇਰੈਕਟਰ ਅਤੇ ਅਫਸਰ ਕੰਮ ਕੀਤਾ।

ਡੱਗ ਦਾ ਕਹਿਣਾ ਹੈ ਕਿ ਚੈਂਬਰ ਔਫ ਕਾਮਰਸ ਵਿਚ ਨਵੇਂ ਆਏ ਵਜੋਂ ਮੈਨੂੰ ਸ਼ਹਿਰ ਵਿਚ ਜਾਣ ਪਹਿਚਾਣ ਬਨਾਉਣ ਦਾ ਵਧੀਆ ਮੌਕਾ ਮਿਲਿਆ ਅਤੇ ਪਿਛਲੇ ਸਾਲਾਂ ਦੌਰਾਨ ਮੈਂ ਉਸ ਕਮਿਉਨਿਟੀ ਨੂੰ ਕੁਝ ਮੋੜਨ ਯੋਗ ਹੋਇਆ ਹਾਂ ਜਿਹੜੀ ਮੇਰੇ ਲਈ, ਮੇਰੇ ਪਰਿਵਾਰ ਲਈ ਮੇਰੀ ਫਰਮ ਨਾਲ ਸਬੰਧਤ ਆਦਮੀਆਂ ਨਾਲ ਬੜੀ ਉਦਾਰ ਰਹੀ ਹੈ।



ਡੱਗ ਨੇ ਕਿਹਾ "ਸਾਡੇ ਚੈਂਬਰ ਔਫ ਕਾਮਰਸ ਦਾ ਮਨੋਰਥ ਹੈ, ਵਪਾਰੀਆਂ ਦੀ ਆਵਾਜ਼ ਬਣਨਾ। ਸਾਡਾ ਕੰਮ ਹੈ, ਐਬਟਸਫੋਰਡ ਦੇ ਵਪਾਰ ਨੂੰ ਪਾਲਪੋਸ ਕੇ ਵਿਕਸਤ ਕਰਨ ਲਈ ਲੋੜੀਂਦੇ ਪ੍ਰੋਗਰਾਮ, ਨੀਤੀਆਂ ਅਤੇ ਰੁਚੀਆਂ ਦੀ ਪਹਿਚਾਣ ਕਰਨਾ ਅਤੇ ਉਨ੍ਹਾਂ ਨੂੰ ਪ੍ਰੋਮੋਟ ਕਰਨਾ। ਮੈਂ ਬੜੇ ਉਤਸ਼ਾਹ ਨਾਲ ਚੈਂਬਰ ਔਫ ਕਾਮਰਸ ਦੇ ਮੈਂਬਰਾਂ ਨਾਲ ਮਿਲ ਕੇ ਇਸ ਨੂੰ ਉਨ੍ਹਾਂ ਦੀ ਆਵਾਜ਼ ਬਨਾਉਣ ਅਤੇ ਉਸ ਆਵਾਜ਼ ਨੂੰ ਆਮ ਜੰਤਾ ਤਕ ਸ਼ਹਿਰ ਦੇ ਦੂਜੇ ਸੰਗਠਨਾ ਤਕ ਅਤੇ ਆਪਣੀਆਂ ਸਰਕਾਰਾਂ ਤਕ ਪਹੁੰਚਾਉਣ ਲਈ ਯਤਨਸ਼ੀਲ ਰਹਾਂਗਾ।"

ਚੈਂਬਰ ਔਫ ਕਾਮਰਸ ਦਾ ਇਹ ਕੰਮ ਕਰਨ ਲਈ ਸਾਨੂੰ ਐਬਟਸਫੋਰਡ ਦੀ ਉਸ ਵਪਾਰਕ ਕਮਿਉਨਿਟੀ ਤਕ ਪਹੁੰਚ ਕਰਨੀ ਹੋਵੇਗੀ ਜਿਨ੍ਹਾਂ ਦੀ ਪ੍ਰਤੀਨਿਧਤਾ ਸਾਡੇ ਚੈਂਬਰ ਅਤੇ ਸਾਡੀਆਂ ਕਮੇਟੀਆਂ ਵਿੱਚ ਨਹੀਂ। ਕਿਸਾਨੀ ਭਾਈਚਾਰਾ ਅਤੇ ਇੰਡੋ-ਕੈਨੇਡੀਅਨ ਕਮਿਉਨਿਟੀ ਅਜਿਹੇ ਦੋ ਗਰੁੱਪ ਹਨ ਜਿੰਨਾਂ ਤਕ ਸਾਲ 2000 ਵਿੱਚ ਸਾਡਾ ਚੈਂਬਰ ਸਫਲਤਾ ਨਾਲ ਪਹੁੰਚ ਕਰੇਗਾ। ਈਸਟ ਇੰਡੀਅਨ ਕਮਿਉਨਿਟੀ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਚੈਂਬਰ ਆਫ ਕਾਮਰਸ ਦੇ ਮੈਂਬਰ ਬਣਨਾ ਚਾਹੀਦਾ ਹੈ। ਸ਼ਾਮਿਲ ਹੋ ਕੇ ਹੀ ਚੈਂਬਰ ਦੀਆਂ ਗਤੀ ਵਿਧੀਆਂ ਤੋਂ ਜਾਣੂ ਹੋ ਸਕੀਦਾ ਹੈ। ਅਗਵਾਈ ਕਰਨ ਦੇ ਮੌਕੇ ਵੀ ਉਪਲਬਧ ਹੋ ਸਕਦੇ ਹਨ। ਸੱਤਵੀਰ ਗਿੱਲ ਦੀ ਉਦਾਹਰਣ ਸਾਹਮਣੇ ਹੈ ਜੋ ਅੱਜ ਕਲ ਚੈਂਬਰ ਵਿੱਚ ਡਾਇਰੈਕਟਰ ਹਨ। ਇੱਕ, ਦੋ ਮੁਲਾਜ਼ਮਾਂ ਵਾਲ ਵਪਾਰੀ ਵੀ ਮੈਂਬਰ ਬਣ ਕੇ ਲਾਭ ਲੈ ਸਕਦੇ ਹਨ। ਡੈਂਟਲ, ਹੈਲਥ ਅਤੇ ਐਕਸਟੈਂਡਿਡ ਪ੍ਰੋਗਰਾਮ ਆਦਿ ਉਨ੍ਹਾਂ ਦੇ ਕਰਮਚਾਰੀਆਂ ਲਈ ਲਾਭਦਾਇਕ ਹੋ ਸਕਦੇ ਹਨ। ਫਾਰਮਾਂ ਵਾਲੇ ਵੀ ਚੈਂਬਰ ਦੇ ਪ੍ਰੋਗਰਾਮਾਂ ਤੋਂ ਲਾਹਾ ਲੈ ਸਕਦੇ ਹਨ। ਫਰਵਰੀ ਤੋਂ 5 ਮੁਲਾਜ਼ਮਾਂ ਤੋਂ ਘੱਟ ਗਿਣਤੀ ਵਾਲੇ ਵਪਾਰੀਆਂ ਲਈ ਮੈਂਬਰ ਬਣਨ ਦਾ ਖਰਚਾ ਸਮੇਤ ਟੈਕਸ ਲਗ ਭਗ $87 ਹੋਵੇਗਾ। ਇੰਡੋ-ਕੈਨੇਡੀਅਨ ਭਾਈਚਾਰੇ ਨੂੰ ਇਸ ਪਾਸੇ ਰੁਚਿਤ ਹੋਣਾ ਚਾਹੀਦਾ ਹੈ।

Abbotsford Party Rentals & Sales
Party Tents Available
RENTING MAKES IT EASIER

- Friendly, Knowledgeable Specialists in Wedding & Anniversary
- Renting makes it easier - We wash the Dishes
- We carry a full line of decoration Supplies

ਵਿਆਹ-ਸ਼ਾਦੀ, ਜਨਮ ਦਿਨ ਦੀ ਪਾਰਟੀ, ਐਨਵਰਸਰੀ ਲਈ ਖੁਲ੍ਹ ਗਿਆ ਹੈ
ਐਬਟਸਫੋਰਡ ਪਾਰਟੀ ਰੈਂਟਲ
ਜਿਥੋਂ ਤੁਸੀਂ ਹਰ ਪ੍ਰਕਾਰ ਦੇ ਟੈਂਟ, ਡੈਕੋਰੇਸ਼ਨ ਦਾ ਸਮਾਨ, ਭਾਂਡੇ, ਕੁਰਸੀਆਂ, ਮੇਜ਼, ਚੁਲ੍ਹੇ ਅਤੇ ਹੋਰ ਬਹੁਤ ਕੁਝ ਕਿਰਾਏ ਤੇ ਲੈ ਸਕਦੇ ਹੋ।

- Chinaware • Glassware
- Silverware • Buffetware
- Chaffers (& Serving Dishes)
- Table • Chairs • Red Carpets
- Tablecloths & Skirts
- Helium Rental • Barbeques
- Silk Flowers • PA System
- Wedding & Party Supplies
- Champagne Fountains
- Wedding Arches • Pillars
- Party Tents • Propane Heaters
- Wedding Cake Tops
- Liquor Dispensers • Bar
- Coffee Urns • Candelabra
- Hot Dog Cooker • Steam Table
- Cooking Pots • Propane Burner
- And Much Much More

Open 7 Days A Week
855-3644 • 855-3675 (fax)
#12-31580 South Fraser Way
Abbotsford

EXPRESS TAX, ACCOUNTING, AND OTHER SERVICES

WE SPECIALIZE IN PROVIDING
- Business and personal income tax services
- Computerized accounting and book keeping
- Payroll services
- GST, PST, WCB, and Employment insurance services

We have long experience in preparing computerized income tax returns. Fast and reliable service is our speciality. We also E-file tax returns for a fast tax refund.

ਅਸੀਂ ਹੇਠ ਲਿਖੀਆਂ ਸੇਵਾਵਾਂ ਵਿੱਚ ਮਾਹਿਰ ਹਾਂ:
- ਬਿਜ਼ਨੈਸ ਅਤੇ ਪਰਸਨਲ ਇੰਨਕਮ ਟੈਕਸ ਸੇਵਾਵਾਂ
- ਕੰਪਿਊਟਰ ਨਾਲ ਅਕਾਊਂਟਿੰਗ ਅਤੇ ਬੁੱਕ-ਕੀਪਿੰਗ
- ਪੇ-ਰੋਲ ਸੇਵਾਵਾਂ
- ਜੀ.ਐਸ.ਟੀ, ਪੀ.ਐਸ.ਟੀ, ਵਰਕਰਜ਼ ਕੰਮਪਨਸੇਸ਼ਨ ਅਤੇ ਰੋਜ਼ਗਾਰ ਬੀਮੇ ਦੀਆਂ ਸੇਵਾਵਾਂ

ਸਾਡਾ ਇਨਕਮ ਟੈਕਸ ਦੇ ਫਾਰਮ ਭਰਨ ਦਾ ਬਹੁਤ ਲੰਬਾ ਤਜ਼ਰਬਾ ਹੈ। ਜਲਦੀ ਅਤੇ ਭਰੋਸੇਯੋਗ ਸੇਵਾਵਾਂ ਸਾਡੀ ਖਾਸੀਅਤ ਹੈ। ਟੈਕਸ ਦੇ ਪੈਸੇ ਜਲਦੀ ਵਾਪਸ ਮੁੜਵਾਉਣ ਲਈ ਅਸੀਂ ਈ-ਫਾਇਲ ਰਾਹੀਂ ਟੈਕਸ ਦੇ ਫਾਰਮ ਸਿੱਧੇ ਸਰਕਾਰ ਨੂੰ ਭੇਜਦੇ ਹਾਂ।
*ਅਸੀਂ ਵਧੀਆ ਸੇਵਾ ਅਤੇ ਘੱਟ ਰੇਟ ਦੀ ਗਰੰਟੀ ਕਰਦੇ ਹਾਂ।
*ਵੱਧ ਤੋਂ ਵੱਧ ਟੈਕਸ ਬਚਾਉਣ ਲਈ ਫਾਰਮ ਭਰਨ ਤੋਂ ਪਹਿਲਾਂ ਸਾਡੀ ਮੁਫਤ ਸਲਾਹ ਇੱਕ ਵਾਰ ਜ਼ਰੂਰ ਲਵੋ।

Harjit S. Phagura OR Harb. Phagura
Phone (604) 852-4424
30576 Sparrow Drive, Abbotsford, BC. V2T 5R9

Cont'd from Page 2

ਹਾਉਮੇ ਕੁਟ ਕੁਟ ਕੇ ਭਰਿਆ ਹੋਇਆ ਐ। ਇੱਕ ਖਿਆਲ ਹੋਰ ਵੀ ਮੈਨੂੰ ਟੁੰਬ ਰਿਹਾ ਹੈ ਕਿ ਇਹ ਇਹਦੀ ਮਜ਼ਬੂਰੀ ਭੀ ਹੋ ਸਕਦੀ ਐ ਕਿਉਂ ਕਿ ਜਦੋਂ ਕਾਦਰ ਨੇ ਇਨਸਾਨ ਨੂੰ ਘੜਿਆ ਤਾਂ ਖ਼ਸਖ਼ਸ ਦੇ ਦਾਨੇ ਜਿਨਾਂ ਟੋਕ ਟਿਕਾਈ ਦੇ ਬੀਜ ਵੀ ਉਹਦੇ ਵਿੱਚ ਮਿਲਾ ਦਿਤਾ, ਆਖਿਰ ਬੀਜ ਨੇ ਵੱਧਨਾ ਫੂਲਨਾ ਤਾਂ ਹੋਇਆ ਈ।

ਰਾਵਨ, ਸਿਕੰਦਰ ਮਹਾਨ ਤੇ ਹਰ ਹਿਟਲਰ ਤਾਂ ਐਵੇਂ ਈ ਆਪਣੀ ਤਾਕਤ ਦੀਆਂ ਡੀਗਾਂ ਮਾਰਦੇ ਰਹੇ, ਜਰਾ ਟੋਕ ਟਿਕਾਈ ਦੀ ਤਾਕਤ ਭੀ ਮੁਲਾਹਜ਼ਾ ਹੈ। ਜੇ ਆਪ ਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਇਸ ਦੀ ਥੋੜੀ ਹਵਾ ਬੰਨ੍ਹਣੀ ਚਾਹੁੰਦਾ ਹਾਂ। ਇਨਸਾਨ ਦੀ ਸਭ ਤੋ ਕੀਮਤੀ ਸ਼ੈਅ ਸਵੈਮਾਨ ਅਥਵਾ ਖੁਦੱਦਾਰੀ ਦੇ ਜਜ਼ਬੇ ਨੂੰ ਜਖ਼ਮੀ ਕਰ ਦਿੰਦੀ ਐ। ਉਹਦੀ ਵੁਕਅਤ ਦੀ ਖੁੰਭ ਠੱਪ ਦਿੰਦੀ ਐ। ਉਹਦੀ ਆਹਮੀਅਤ ਤੇ ਹਥੌੜੇ ਦੀ ਸੱਟ ਮਾਰ ਕੇ ਆਪਣੇ ਖਿਲਾਫ ਖੜਾ ਕਰ ਲੈਂਦੀ ਐ। ਨਫਰਤ ਪੈਦਾ ਕਰਨੀ ਇਹਦੀ ਖੱਬੇ ਹੱਥ ਦੀ ਖੇਡ ਐ। ਨਫਰਤ ਭਰਿਆ ਗੁੱਸਾ ਉਪਜਾ ਲੈਂਦੀ ਐ। ਦੁਸ਼ਮਨ ਪੈਦਾ ਕਰ ਲੈਂਦੀ ਐ। ਦੋਸਤੀ ਦੀਆਂ ਜੜਾਂ ਤੇ ਕੁਹਾੜਾ ਰੱਖ ਦਿੰਦੀ ਐ। ਸ਼ੁਭ ਇਛਾਵਾਂ ਦਾ ਗਲ ਘੁੱਟ ਦਿੰਦੀ ਐ। ਪਤੀ ਪਤਨੀ, ਪਿਓ ਪੁੱਤ, ਭੈਣ ਭਰਾ ਵਰਗੇ ਪਵਿੱਤਰ ਰਿਸ਼ਤਿਆਂ ਨੂੰ ਦੋਫਾੜ ਕਰ ਦਿੰਦੀ ਐ। ਪਰਬਤ ਵਰਗੇ ਵਿਸ਼ਵਾਸ ਨੂੰ ਬਾਲੂ ਰੇਤ ਦੀ ਕੰਧ ਵਾਂਗ ਡੇਰਾ ਛੱਡ ਦੀ ਐ। ਘਰੇਲੂ ਜੀਵਨ ਨੂੰ ਨਰਕ ਬਣਾ ਸਕਦੀ ਐ। ਤਲਾਕ ਕਰਵਾ ਸਕਦੀ ਐ। ਖੂਨ ਕਰਨ ਤਕ ਦੀ ਨੌਬਤ ਲਿਆ ਸਕਦੀ ਐ। ਮਹਾ ਭਾਰਤ ਦੇ ਯੁੱਧ ਦਾ ਮੁੱਖ ਕਾਰਨ ਟੋਕ ਟਿਕਾਈ ਈ ਸੀ। ਜੀਵਨ ਉਮੰਗਾ ਦੀ ਇਹ ਕਾਤਲ ਐ। ਹੋਰ ਬਥੇਰੇ ਗੁਲ ਖਿਲਾ ਸਕਦੀ ਐ।

ਹੁਣ ਟੋਕ ਟਿਕਾਈ ਨੂੰ ਆਪਣੀ ਹੋਛੀ ਭੂਮਿਕਾ ਨਿਭਾਉਣ ਵਿੱਚ ਕੋਈ ਕਠਿਨਾਈ ਵੀ ਪੇਸ਼ ਨਹੀਂ ਆਉਂਦੀ, ਕਿਉਂ ਕਿ ਇਸ ਨੇ ਆਪਣੇ ਆਪ ਨੂੰ ਲੋਕਾਂ ਦੇ ਸਭਾਅ ਵਿੱਚ ਹੀ ਲੀਨ ਕਰ ਲਿਆ ਹੋਇਆ ਐ। ਹੁਣ ਇਹ ਕਿਰਿਆ ਸਵੈ- ਚਾਲਕ ਅਤੇ ਕੰਪੂਟਰਾਈਜ਼ਡ ਹੋ ਗਈ ਐ। ਮੁੱਖ ਤੌਰ ਤੇ ਟੋਕ ਟਿਕਾਈ ਆਪਣੇ ਆਪ ਨੂੰ ਦੋ ਰੂਪਾਂ ਵਿੱਚ ਪ੍ਰਗਟ ਕਰਦੀ ਐ। ਪਹਿਲਾ ਰੂਪ ਐ ਆਮ ਟੋਕ ਟਿਕਾਈ। ਇਹ ਸਰਬ ਵਿਆਪਕ ਹੈ ਅਤੇ ਦਿਨ ਰਾਤ ਚਲਦੀ ਰਹਿੰਦੀ ਐ - ਇਸ ਅਧੀਨ ਮੂੜ੍ਹ, ਗਵਾਰ ਅਤੇ ਉਜੱਡ ਲੋਕ ਸਮੇਂ ਦੀ ਰਫਤਾਰ ਨਾਲ ਈ ਰਾਜੇ, ਰਾਣਿਆਂ, ਸਿਆਸਤਦਾਨਾਂ, ਵਜ਼ੀਰਾਂ, ਲੀਡਰਾਂ, ਧਰਮ ਦੇ ਆਗੂਆਂ ਨੂੰ ਛੱਜ ਵਿੱਚ ਪਾਕੇ ਛੱਟੀ ਜਾਂਦੇ ਹਨ। ਹਰ ਇੱਕ ਵਰਗ ਵਲੋਂ, ਹਰ ਇੱਕ ਦੂਜੇ ਵਰਗ ਉਤੇ ਵਾਰ ਹੋਈ ਜਾਂਦਾ ਐ। ਇਸ ਰੂਪ ਵਿਚ ਲੀਡਰ ਇੱਕ ਦੂਜੇ ਨੂੰ ਸਰਕਾਰੀਏ ਕਹਿਕੇ ਭੰਡਦੇ ਹਨ। ਸਰਕਾਰ ਖਾੜਕੂਆਂ ਉਤੇ ਅੱਤਵਾਦੀ ਅਤੇ ਸਿੱਖਾਂ ਉਤੇ ਵੱਖਵਾਦੀਆਂ ਦਾ ਲੇਬਲ ਲਾਉਂਦੀ ਐ। ਅੰਮ੍ਰਿਤਧਾਰੀ ਸਿੱਖ ਸਹਿਜਧਾਰੀਆਂ ਨੂੰ ਮਨਮੁੱਖ ਅਤੇ ਕੱਚੇ ਪਿੱਲੇ ਸਿੱਖ ਗਰਦਾਨ ਦੇ ਹਨ। ਹਰ ਇੱਕ ਰਾਜਨੀਤਕ ਸੰਸਥਾ ਆਪਣੇ ਆਪ ਨੂੰ ਦੂਜੀ ਨਾਲੋਂ ਵਧੇਰੇ ਖਾਲਿਸਤਾਨੀ ਸਮਝਦੀ ਐ। ਅਖ਼ਬਾਰ ਇੱਕ ਦੂਜੇ ਦੇ ਖਿਲਾਫ ਕੁਕੜਾਂ ਦੀ ਲੜਾਈ ਲੜੀ ਜਾਂਦੇ ਹਨ। ਕਾਮੇ ਸੋਚਦੇ ਹਨ ਕਿ ਸਰਕਾਰ ਦਿਨ ਬਦਿਨ ਯੂ.ਆਈ. ਲੈਣ ਵਾਲਿਆਂ ਦਾ ਕਾਫੀਆ ਤੰਗ ਕਰੀ ਜਾਂਦੀ ਐ। ਸਰਕਾਰ ਕਹਿੰਦੀ ਐ ਕਾਮੇ ਯੂ.ਆਈ. ਪ੍ਰੋਗਰਾਮ ਨੂੰ ਸਹੀ ਰੂਪ ਵਿੱਚ ਲਾਗੂ ਈ ਨਹੀਂ ਹੋਣ ਦਿੰਦੇ। ਹਰ ਕੋਈ ਦੂਜੇ ਤੋਂ ਵੱਧ ਏਕਤਾ ਦਾ ਹਾਮੀ ਬਣਿਆ ਫਿਰਦਾ ਐ। ਕਈ ਕਹੀ ਜਾਂਦੇ ਹਨ ਕਿ ਉਹਨਾਂ ਦੇ ਬੱਚੇ ਸਿੱਖੀ ਤੋਂ ਦੂਰ ਜਾ ਰਹੇ ਸਨ। ਦੂਜੀ ਧਿਰ ਕਹੀ ਜਾਂਦੀ ਐ, ਕਿ ਉਹਨਾਂ ਦੀ ਸਭਿਅਤਾ ਦੇ ਫੈਲਰਨ ਵਿੱਚ ਰੁਕਾਵਟ ਪਾਈ ਜਾ ਰਹੀ ਸੀ। ਏਸ ਰੂਪ ਦਾ ਫੈਲਾਉ ਇੰਨ੍ਹਾਂ ਵੱਧ ਗਿਆ ਹੈ ਕਿ ਲੋਕ ਕਾਦਰ ਦੀ ਕੁਦਰਤ ਤੇ ਵੀ ਮਾਉਂਟ ਐਵਰੈਸਟ ਦੀ ਚੋਟੀ ਨੂੰ ਸਰ ਕਰਨ ਜਿੱਡਾ, ਬੱਜਰ ਸ਼ਸਤਰ ਦਾ ਵਾਰ ਕਰਨ ਤੋਂ ਵੀ ਨਹੀਂ ਟਲਦੇ। ਜਿਵੇਂ ਇੱਕ ਨਸਵਾਰ ਸੁੰਘਣ ਵਾਲੇ ਅਮਲੀ ਨੇ ਕਿਹਾ ਸੀ ਕਿ ਰੱਬ ਨੇ ਮਨੁੱਖ ਦਾ ਚਿਹਰਾ ਢੁਕੱਵਾ ਨਹੀਂ ਬਣਾਇਆ ਸੀ। ਨਾਸਾਂ ਥੱਲੇ ਨੂੰ ਲਾਕੇ ਭੁਲੱ ਕੀਤੀ ਸੀ, ਜੇ ਮੱਥੇ ਤੇ ਲਾਈਆਂ ਹੁੰਦੀਆਂ, ਤਾਂ ਨਸਵਾਰ ਸੌਖੀ ਹੀ ਮਗਜ ਵਿੱਚ ਚਲੀ ਜਾਇਆ ਕਰਨੀ ਸੀ, ਹੁਣ ਸੜ੍ਹਾਕੇ ਮਾਰ ਕੇ ਚੜਾਉਣੀ ਪੈਂਦੀ । ਇਕ ਹੋਰ ਸ਼ੇਖ ਚਿੱਲੀ ਦਾ ਡੁਪਲੀਕੇਟ ਪਿੱਪਲ ਦੇ ਥੱਲੇ ਲੇਟਿਆ ਹੋਇਆ ਸੀ। ਉਤੇ ਨੂੰ ਝਾਕ ਕੇ ਸੋਚਨ ਲਗਾ ਕਿ ਦੇਖੋ ਰੱਬ ਨੇ ਕੀ ਕਮਾਲ ਮਾਰਿਆ ਸੀ ਕਿ ਬਿਰਛ ਤਾਂ ਅਸਮਾਨ ਨਾਲ ਗੱਲਾਂ ਕਰੇ ਤੇ ਫਲ ਮੁਣਮੁਣਾ ਜਿਹਾ ਅਤੇ ਅਧਰੰਗ ਹੋਏ ਵਾਲੇ ਬੰਦੇ ਵਾਂਗੂ, ਲੰਮੀ ਪਈ ਵੇਲ ਨੂੰ ਪੇਠੇ ਕਦੂ ਜੜ ਦਿਤੇ। ਉਦੋਂ ਈ ਪਿੱਪਲ ਦੀ ਇੱਕ ਗੋਹਲ (ਫਲ) ਨੱਕ ਤੇ ਆਕੇ ਵੱਜਨ ਨਾਲ ਅਕਲ ਟਿਕਾਨੇ ਆ ਗਈ, ਬਈ ਪੇਠੇ ਕੱਦੂ ਨੇ ਤਾਂ ਨੱਕ ਦਾ ਕਚੂਮਰ ਈ ਕੱਢ ਦੇਣਾ ਸੀ। ਭਾਵੇਂ ਮਾਮਲਾ ਜਲਦੀ ਰਫਾ ਦਫਾ ਹੋ ਗਿਆ ਪਰ ਟੋਕ ਟਿਕਾਈ ਤਾਂ ਨੀ ਨਾ ਰੱਬ ਉਤੇ ਵਾਰ ਕਰਨੋ ਟਲੀ।

ਟੋਕ ਟਿਕਾਈ ਦਾ ਦੂਜਾ ਰੂਪ ਜਾਤੀ ਟੋਕ ਟਿਕਾਈ ਐ। ਇਹ ਸਭ ਤੋਂ ਖਤਰਨਾਕ ਐ ਅਤੇ ਸਾਰੇ ਪੁਆੜਿਆਂ ਦੀ ਜੜ ਐ। ਇਹ ਜੀਵਨ ਵਿੱਚ ਸੌਗੰਧੀ ਅਤੇ ਖੇੜਾ ਔਣ ਹੀ ਨਹੀਂ ਦਿੰਦੀ। ਇਹ ਘਰੇਲੂ ਸ਼ਾਂਤੀ ਨੂੰ ਤਬਾਹ ਕਰਕੇ ਉਹਦਾ ਦਰੂਦ ਫਾਤਿਆ ਪੜ੍ਹ ਦਿੰਦੀ ਐ। ਪਰ ਮੈਂ ਇਸ ਰੂਪ ਦਾ ਵਿਸਥਾਰ ਕਰਕੇ, ਲੇਖ ਦੇ ਲੰਮੇ ਹੋ ਜਾਣ ਤੋਂ ਗਰੇਜ਼ ਕਰਦਾ ਹੋਇਆ ਕੇਵਲ ਇੱਕ ਟੋਕੂ ਪਤੀ ਅਤੇ ਇੱਕ ਟੋਕਨ ਤੀਵੀਂ ਦਾ ਯਥਾਰਥ ਜਿਹਾ ਕਲਮੀ ਚਿੱਤਰ ਖਿਚ ਕੇ ਹੀ ਭੋਗ ਪਾ ਦੇਵਾਂਗਾ। ਵਿਤਕਰੇ ਦੇ ਅਲਜਾਮ ਤੋਂ ਡਰਦਾ ਹੋਇਆ ਪਹਿਲਾਂ ਪਤੀ ਨੂੰ ਬੇਹੇ ਕੜਾਹ ਵਾਂਗ ਲੈਣਾ ਚਾਹਾਂਗਾ। ਲਉ ਟੋਕੂ ਪਤੀ ਦਾ ਟੇਪ ਰੀਕਾਰਡ ਪੇਸ਼ ਐ। ਸਵੇਰੇ ਉਠਦੇ ਸਾਰ ਈ ਪਤਨੀ ਨੂੰ ਕੋਸਨ ਲੱਗ ਪਿਆ ਕਿ ਸਵੇਰੇ ਸਾਢੇ ਸਾਸਾਢੇਪੰਜ ਵਜੇ ਕਿਉਂ ਨਹੀਂ ਜਗਾਇਆ ਸੀ? ਕਿਥੋਂ ਉਜੱਡ ਪੱਲੇ ਪੈ ਗਈ ਜਦੋਂ ਕਿ ਪਤਨੀ ਰਾਤ ਨੂੰ ਕੰਮ ਤੋਂ ਆਈ ਸੀ। ਸੌਹਰਾ ਪਾਣੀ ਤਾਂ ਨੀ ਮੁਲ ਵਿਕਦਾ, ਮੇਰੇ ਸ਼ਰਾਬੀ ਦੇ ਸਰਾਹਣੇ ਇੱਕੋ ਗਲਾਸ ਪਾਣੀ ਦਾ ਰਖਿਆ। ਅੱਜ ਫੇਰ ਚਾਹ ਵਿੱਚ ਮਣਾ ਮੂੰਹ ਮਿੱਠਾ ਸਿੱਟ ਦਿਤਾ। ਉਬਾਲਾ ਭੋਰਾ ਨੀ ਦਿੱਤਾ ਨਾਲੇ ਠੂਠੀ ਚਾਹ ਪਾਕੇ ਫੜਾ ਦਿਤੀ, ਜਿਵੇਂ ਅਣਚਾਹੇ ਮਹਿਮਾਨਾਂ ਨੂੰ ਦੇਈ ਦੀ ਐ। ਇਹ ਬਾਣ ਵੀ ਮਾਪਿਆਂ ਤੋ ਲੈ ਕੇ ਆਈ ਐ। ਲਾਈਟ ਕਿਉਂ ਨੀ ਬੁਝਾ ਕੇ ਆਈ? ਨਹੌਣ ਲਈ ਕਿੰਨਾ ਪਾਣੀ ਡੋਹਲਦੀ ਐ, ਜਿਵੇਂ ਪਾਣੀ ਪਿੰਡੇ ਦੇ ਵਿੱਚ ਵੜ ਜਾਣਾ ਹੁੰਦਾ ਐ। ਮਾਪੀ ਤਾਂ ਸਾਲ ਸ਼ਿਮਾਹੀਂ ਨਹੌਦੀ ਸੀ। ਰਸੋਈ ਦੀ ਲਾਈਟ ਨੂੰ ਕਦੇ ਔਫ ਨਹੀਂ ਕਰਦੀ। ਪਿੰਡ ਕਦੇ ਚਾਨਣ ਵੇਖਿਆ ਸੀ? ਹੁਣ ਸਾਰਾ ਦਿਨ ਨਖਰੇ ਸਾੜਦੀ ਐ। ਮੈਂ ਨਾ ਹੁੰਦਾ ਤਾਂ ਸਾਰੀ ਉਮਰ ਕਨੇਡਾ ਦੇ ਸੁਫਨੇ ਲੈਂਦੀ ਨੂੰ ਲੰਘ ਜਾਣੀ ਸੀ । ਕਿੱਥੇ ਇੱਕ ਬਲਦ ਵਾਲੀ ਗੱਡੀ, ਤੇ ਕਿਥੇ 93 ਮਾਡਲ ਦੀ ਸ਼ੈਵਰਲਟ ਕਾਰ, ਉਤੋਂ ਚਿਨਗੋ ਚੂਹੜੀ ਵਾਲੀ ਆਕੜ। ਮੈਂ ਅਗੇ ਹੀ ਕੱਲਾ ਪੁਤ ਹਾਂ, ਉਤੋਂ ਤੀਜੀ ਕੁੜੀ ਹੋਰ ਜੰਮ ਮਾਰੀ। ਕੋਈ ਤਾਂ ਤਸੱਲੀ ਹੋਵੇ ਬੰਦੇ ਨੂੰ। ਰੋਜ਼ ਮੇਰੀ ਸ਼ਰਾਬ ਤੇ ਸਿਗਰਟਾ ਦਾ ਗੁੱਡਾ ਬੰਨ੍ਹੀ ਰਖਦੀ ਐ, ਚੌਵੀ ਘੰਟੇ ਟੀ.ਵੀ. ਲਾਈ ਰੱਖਦੀ ਐ, ਇਹ ਕੋਈ ਘੱਟ ਐਬ ਐ। ਕੰਬਲ ਕੀ ਨੂਰ ਮਹਿਲ ਦੀ ਸਰਾਂ ਐ ਜੀਹਦੀ ਓਦੋਂ ਈ ਫੇਰ ਤਹਿ ਲਾਕੇ ਰੱਖ ਦਿੰਦੀ ਐ। ਪੰਜ ਵਰ੍ਹੇ ਹੋ ਗਏ, ਠੇਕੇਦਾਰਾਂ ਦੀਆਂ ਝਿੜਕਾਂ ਸਹਿੰਦੀ ਨੂੰ, ਇਹਨੂੰ ਬੇਰੀ ਤੋੜਨ ਦਾ ਉਦਮਾਦ ਚੜ੍ਹਿਆ ਰਹਿੰਦਾ ਐ - ਕੋਈ ਕੋਰਸ ਨੀ ਕੀਤਾ ਜਾਂਦਾ? ਬਿੱਲ ਅੱਗੇ ਨੀ ਸਾਹ ਲੈਣ ਦਿੰਦੇ, ਹੁਣ ਮਾਂ ਪਿਓ ਨੂੰ ਸੱਦਨ ਦਾ ਸੁਰੱਗਾ ਉਠ ਖੜਿਆ। ਹਫਤਾ ਹੋ ਗਿਆ ਚੌਲ ਖਾਣ ਨੂੰ ਜੀਅ ਕਰਦਾ ਐ, ਪਰ ਇਹਦੇ ਕੰਨ ਤੇ ਜੂੰ ਨੀ ਸਰਕਦੀ। ਕਰੂ ਉਹੋ ਜੋ ਮਰਜ਼ੀ ਹੋਊ। ਸ਼ਾਹ ਮੁੰਹਮੱਦ ਨੇ ਠੀਕ ਈ ਕਿਹਾ ਸੀ, ਸ਼ਾਹ ਮੁੰਹੱਮਦ ਅੰਤ ਨੂੰ ਉਹੀ ਹੋਣੀ, ਜਿਹੜੀ ਕਰੂਗਾ ਖਾਲਸਾ ਪੰਥ ਮੀਆਂ। ਮੈਨੂੰ ਸੁਤੇ ਪਏ ਨੂੰ ਕਿਉਂ ਬਾਦਰ ਕਰਦੀ ਐ? ਬਾਰ ਬਾਰ, ਛਿਤਰ ਤਾਂ ਨੀ ਖਾਣੇ, ਵਰਗੇ ਸ਼ਮਰਨਾਕ ਤੇ ਭੜਕਾਊ ਸ਼ਬਦ ਵਰਤਨੇ। ਇਹ ਲਿਸਟ ਤਾਂ ਬਹੁਤ ਲੰਮੀ ਐ, ਪਰ ਟ੍ਰੇਲਰ ਈ ਕਾਫੀ ਐ।

